
SO KAHIYAT HAI SOORA (MONTHLY)
Volume 4 Issue 3
March 2018, S.A.S. Nagar (Mohali)

RNI Registration NO: PUNPUN/2015/61118

ਮਾਰਚ 2018
ਫੱਗਣ-ਚੇਤ
੫੫੦ ਨਾਨਕਸ਼ਾਹੀ
₹20

# ਸੋ ਕਹੀਅਤ ਹੈ ਸੂਰਾ



## ਸਿੱਖ ਧਰਮ ਦੇ ਪ੍ਰਸੰਗ 'ਚ ਜਾਤ-ਪਾਤ ਦਾ ਵਰਤਾਰਾ

## ਧਰਮ ਪ੍ਰਚਾਰ ਲਹਿਰ ਲਈ ਸੇਵਾ ਦੇਣ ਵਾਲੇ ਸੱਜਣਾਂ ਦੇ ਨਾਮ

| | |
|---|---|
| 1. ਅਖੰਡ ਕੀਰਤਨੀ ਜਥਾ ਕੈਨੇਡਾ | 15,000 ਰੁਪਏ |
| 2. ਡਾ. ਸਤਨਾਮ ਸਿੰਘ ਫਗਵਾੜਾ | 2000 ਰੁਪਏ |
| 3. ਗੁਪਤ | 3000 ਰੁਪਏ |
| 4. ਭਾਈ ਲਖਵਿੰਦਰ ਸਿੰਘ ਸ੍ਰੀ ਅਨੰਦਪੁਰ ਸਾਹਿਬ | 3000 ਰੁਪਏ |
| ਕੁੱਲ = | 23,000 ਰੁਪਏ |

ਹੁਣ ਤੁਸੀਂ 'ਸੋ ਕਹੀਅਤ ਹੈ ਸੂਰਾ' ਲਈ ਚੰਦਾ ਅਤੇ ਮਾਇਕ ਸਹਾਇਤਾ ਬੈਂਕ ਜ਼ਰੀਏ ਵੀ ਭੇਜ ਸਕਦੇ ਹੋ।

ਬੈਂਕ ਅਕਾਊਂਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| | |
|---|---|
| **Name of Account:** | **SO KAHIYAT HAI SOORA** |
| **Name of Bank:** | **Bank of Baroda** |
| **Branch:** | **Sector 59, Mohali. (Punjab)** |
| **Account No:** | **36770200000150** |
| **Swift Code:** | **BARBINBBCHD** |
| **IFSC Code:** | **BARB0SECMOH** |

## ਚੰਦੇ ਪ੍ਰਤੀ ਬੇਨਤੀ

'ਸੋ ਕਹੀਅਤ ਹੈ ਸੂਰਾ' ਦੇ ਪਾਠਕ ਜਨਾਂ ਅਤੇ ਸਮੁੱਚੀਆਂ ਸੰਗਤਾਂ/ ਸਹਿਯੋਗੀਆਂ ਦੇ ਅਸੀਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨਾਲ ਤੁਹਾਡਾ ਆਪਣਾ ਗੁਰਮਤਿ ਮਾਸਿਕ ਪੱਤਰ ਸਫ਼ਲਤਾ ਦੇ ਨਾਲ ਚੱਲ ਰਿਹਾ ਹੈ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਦੇ ਸਾਲਾਨਾ ਚੰਦੇ ਖ਼ਤਮ ਹੋ ਗਏ ਹਨ, ਕਿਰਪਾ ਕਰਕੇ ਸਾਲਾਨਾ ਸਮਾਗਮਾਂ ਮੌਕੇ ਜਾਂ ਆਪਣੇ ਨੇੜਲੇ ਸਾਡੇ ਪ੍ਰਤੀਨਿਧ/ ਸਾਡੇ ਮੁੱਖ ਦਫ਼ਤਰ ਵਿਚ/ ਬੈਂਕ ਖ਼ਾਤੇ ਵਿਚ ਚੰਦਿਆਂ ਦੀ ਮਾਇਆ ਭੇਜਣ ਦੀ ਕਿਰਪਾਲਤਾ ਕਰਨੀ। ਇਸ ਦੇ ਨਾਲ ਹੀ ਬੈਂਕ ਅਕਾਊਂਟ 'ਚ ਜੇਕਰ ਆਪ ਚੰਦਿਆਂ ਦੀ ਮਾਇਆ ਭੇਜਦੇ ਹੋ ਤਾਂ ਇਸ ਤੋਂ ਬਾਅਦ ਫ਼ੋਨ ਨੰਬਰ : 93577-23874 'ਤੇ ਫ਼ੋਨ ਕਰਕੇ ਸੂਚਿਤ ਕਰਨ ਦੀ ਵੀ ਕ੍ਰਿਪਾਲਤਾ ਕਰਨੀ ਜੀ।

'ਸੋ ਕਹੀਅਤ ਹੈ ਸੂਰਾ' ਨਾਲ ਸਬੰਧਤ ਕਿਸੇ ਵੀ ਸ਼ਿਕਾਇਤ ਜਾਂ ਸੁਝਾਅ ਨੂੰ ਤੁਸੀਂ ਸਾਡੇ ਵਟਸਐਪ ਨੰਬਰ : +91-93577-23874 'ਤੇ ਭੇਜ ਸਕਦੇ ਹੋ।

**See Online Edition :**

**www.akjmagazine.com**

**www.facebook.com/skhsoora**

ਹੁਣ 'ਸੋ ਕਹੀਅਤ ਹੈ ਸੂਰਾ' ਤੁਸੀਂ ਅਖੰਡ ਕੀਰਤਨੀ ਜਥੇ ਦੀ ਅਧਿਕਾਰਤ ਵੈੱਬਸਾਈਟ www.akj.org 'ਤੇ ਵੀ ਪੜ੍ਹ ਸਕਦੇ ਹੋ।




## 'ਸੋ ਕਹੀਅਤ ਹੈ ਸੂਰਾ' ਹੇਠਾਂ ਦਿੱਤੇ ਸਿੰਘਾਂ ਤੋਂ ਪ੍ਰਾਪਤ ਕਰ ਸਕਦੇ ਹੋ

੧. ਸ੍ਰੀ ਅੰਮ੍ਰਿਤਸਰ ਸਾਹਿਬ – ਰੰਗਲੇ ਸੱਜਣ ਮੈਮੋਰੀਅਲ ਚੈਰੀਟੇਬਲ ਟ੍ਰਸਟ, ਚੌਂਕ ਬਾਬਾ ਸਾਹਿਬ, ਨੇੜੇ ਸ੍ਰੀ ਦਰਬਾਰ ਸਾਹਿਬ।
ਭਾਈ ਅਮਨਦੀਪ ਸਿੰਘ, ਫ਼ੋਨ : 94173-08093

੨. ਅੰਬਾਲਾ - ਸੂਬੇਦਾਰ ਮੇਜਰ ਬਲਦੇਵ ਸਿੰਘ, ਫ਼ੋਨ : 094666-93516

੩. ਫ਼ਗਵਾੜਾ - ਭਾਈ ਕੁਲਦੀਪ ਸਿੰਘ, ਫ਼ੋਨ : 98786-23523

੪. ਜੰਮੂ - ਭਾਈ ਜਗਦੀਸ਼ ਸਿੰਘ : 094193-13450

੫. ਮੋਗਾ - ਭਾਈ ਸਤਨਾਮ ਸਿੰਘ, ਫ਼ੋਨ : 94633-41799

੬. ਬਠਿੰਡਾ - ਭਾਈ ਅਮਰੀਕ ਸਿੰਘ, ਫ਼ੋਨ : 94632-14774

੭. ਪਟਿਆਲਾ - ਭਾਈ ਸੁਲੱਖਣ ਸਿੰਘ, ਖ਼ਾਲਸਾ ਨਿਸ਼ਾਨ ਸਟੋਰ, ਦੁਕਾਨ ਨੰ : 15, ਗੁ. ਦੁਖਨਿਵਾਰਨ ਸਾਹਿਬ ਮਾਰਕੀਟ, ਫ਼ੋਨ : 0175-2361415

੮. ਬਰੇਲੀ (ਉਤਰ ਪ੍ਰਦੇਸ਼) - ਡਾ. ਰਜਿੰਦਰ ਸਿੰਘ,
ਫ਼ੋਨ : 098379-88530

੯. ਰੂਪਨਗਰ - ਭਾਈ ਰਾਮ ਸਿੰਘ, ਫ਼ੋਨ : 82880-05590

੧੦. ਗੁਰਦਾਸਪੁਰ - ਭਾਈ ਹਰਦਿਆਲ ਸਿੰਘ, ਫ਼ੋਨ : 98728-18933

੧੧. ਲੁਧਿਆਣਾ- ਭਾਈ ਦਰਸ਼ਨ ਸਿੰਘ, ਫ਼ੋਨ : 94178- 57388
ਭਾਈ ਗੁਰਜੋਤ ਸਿੰਘ, ਫ਼ੋਨ : 92161-29611

੧੨. ਸ੍ਰੀ ਮੁਕਤਸਰ ਸਾਹਿਬ- ਭਾਈ ਮਹਿਤਾਬ ਸਿੰਘ, ਫ਼ੋਨ : 95173-59786

੧੩. ਦਿੱਲੀ- ਭਾਈ ਗੁਰਮੀਤ ਸਿੰਘ ਕਸ਼ਮੀਰੀ, ਫ਼ੋਨ : 098111-14510
ਭਾਈ ਗੁਰਪ੍ਰੀਤ ਸਿੰਘ (ਨਿਹੰਗ) : 092125-79832

੧੪. ਮਾਨਸਾ - ਭਾਈ ਗੁਰਮੇਲ ਸਿੰਘ, ਫ਼ੋਨ : 94643-55517.

੧੫. ਹੁਸ਼ਿਆਰਪੁਰ- ਭਾਈ ਦਵਿੰਦਰ ਸਿੰਘ, ਫ਼ੋਨ : 94177-60601

੧੬. ਅਮਰੀਕਾ : ਸਿਆਟਲ- ਭਾਈ ਮਲਕੀਅਤ ਸਿੰਘ
ਫ਼ੋਨ : +1-253-682-9337
ਲਾਸਵੇਗਸ- ਭਾਈ ਬਲਜੀਤ ਸਿੰਘ, ਫ਼ੋਨ : +1-702-748-7372
ਲਾਸ ਏਂਜਲਸ- ਭਾਈ ਹਰਸਿਮਰਨ ਸਿੰਘ, ਫ਼ੋਨ : +1-310-600-9629
ਬੇਅ ਏਰੀਆ- ਭਾਈ ਮੋਹਨ ਸਿੰਘ ਦਾਸੂਵਾਲ, ਫ਼ੋਨ : +1-209-624-9548
ਨਿਊਯਾਰਕ- ਭਾਈ ਜਸਜੀਤ ਸਿੰਘ, ਫ਼ੋਨ : +1-732-887-7516

੧੭. ਆਸਟਰੇਲੀਆ- ਭਾਈ ਤੇਜਿੰਦਰ ਸਿੰਘ,
ਵਿਕਟੋਰੀਆ, ਫ਼ੋਨ : 0-0430-539134

੧੮. ਡੈਨਮਾਰਕ-ਭਾਈ ਗੁਰਸੇਵਕ ਸਿੰਘ ਫ਼ੋਨ : +456-199-9854

੧੯. ਕੈਨੇਡਾ : ਟੋਰਾਂਟੋ- ਭਾਈ ਜਸਦੀਪ ਸਿੰਘ, ਫ਼ੋਨ : +1-416-500-0610
ਵੈਨਕੂਵਰ- ਭਾਈ ਕੁਲਵਿੰਦਰ ਸਿੰਘ, ਫ਼ੋਨ : +1-604-764-4805

੨੦. ਯੂ.ਕੇ.-ਭਾਈ ਸਤਨਾਮ ਸਿੰਘ, ਫ਼ੋਨ : +44-779-595-0739

# SO KAHIYAT HAI SOORA

(Monthly)

RNI NO: PUNPUN/2015/61118

Volume 4 Issue 3



**ਸਰਪ੍ਰਸਤ**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ
ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।

**ਮੁੱਖ ਸੰਪਾਦਕ**

ਤਲਵਿੰਦਰ ਸਿੰਘ

**ਸਲਾਹਕਾਰ ਬੋਰਡ**

ਭਾਈ ਬਖ਼ਸ਼ੀਸ਼ ਸਿੰਘ ਫ਼ਗਵਾੜਾ
ਭਾਈ ਜੋਧ ਸਿੰਘ ਦਿੱਲੀ
ਭਾਈ ਅਜੀਤ ਸਿੰਘ ਲੁਧਿਆਣਾ
ਭਾਈ ਕੁਲਦੀਪ ਸਿੰਘ ਮਤਵਾਲਾ

**ਕਾਨੂੰਨੀ ਸਲਾਹਕਾਰ**

ਐਡਵੋਕੇਟ ਭਾਈ ਅਮਰਜੀਤ ਸਿੰਘ
ਅੰਮ੍ਰਿਤਸਰ



**ਮੁੱਖ ਦਫ਼ਤਰ**

ਮਕਾਨ ਨੰਬਰ : 532, ਫ਼ੇਜ਼-3ਬੀ1, ਐੱਸ.ਏ.ਐੱਸ. ਨਗਰ, (ਮੋਹਾਲੀ) ਪਿੰਨ : 160059
ਫ਼ੋਨ ਨੰਬਰ : 93177-53202

**ਰਚਨਾਵਾਂ ਭੇਜਣ ਦਾ ਪਤਾ**

ਮਾਰਫ਼ਤ ਤਲਵਿੰਦਰ ਸਿੰਘ ਬੁੱਟਰ
ਸ਼ਹੀਦ ਬਾਬਾ ਦੀਪ ਸਿੰਘ ਜੀ ਕਲੋਨੀ,
ਸ੍ਰੀ ਦਸਮੇਸ਼ ਅਕੈਡਮੀ ਰੋਡ,
ਸ੍ਰੀ ਅਨੰਦਪੁਰ ਸਾਹਿਬ। ਪਿੰਨ : 140118
e-mail : akjmagzine@yahoo.com
ਫ਼ੋਨ ਨੰਬਰ : +91-98780-70008
+91-94649-44440
(ਕੇਵਲ ਸੰਪਾਦਕੀ ਮਾਮਲਿਆਂ ਲਈ)



Printed & published by Satinder Pal Singh on behalf of Satinder Pal Singh, Printed at Majestic Printing Press Bay Shop No.7, Near Chawla Nursing Home Phase 7, S.A.S. Nagar Mohali and published from H. No 532, Phase-3B1, S.A.S. Nagar, Mohali.
EDITOR: TALWINDER SINGH BUTTAR


# ਸੰਪਾਦਕੀ

## ਖ਼ਾਲਸੇ ਦਾ ਹੋਲਾ ਮਹੱਲਾ

'ਹੋਲੀ' ਸਮੁੱਚੇ ਭਾਰਤ ਦਾ ਅਤੇ 'ਹੋਲਾ' ਕੇਵਲ ਪੰਜਾਬ ਦਾ, ਖ਼ਾਸ ਕਰਕੇ ਸਿੱਖ ਕੌਮ ਦਾ ਇਕ ਪ੍ਰਸਿੱਧ ਮੌਸਮੀ ਤਿਓਹਾਰ ਹੈ। ਹੋਲੀ ਹਰੇਕ ਸਾਲ ਫ਼ੱਗਣ ਸ਼ੁਦੀ ੮ ਤੋਂ ਸ਼ੁਰੂ ਹੋ ਕੇ ਉਸੇ ਹਫ਼ਤੇ ਪੂਰਨਮਾਸ਼ੀ ਨੂੰ ਸਮਾਪਤ ਹੁੰਦੀ ਹੈ। 'ਹੋਲਾ' ਉਸ ਤੋਂ ਅਗਲੇ ਦਿਨ, ਚੇਤ ਵਦੀ ੧ ਨੂੰ ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ ਜਾਂਦਾ ਹੈ। ਇਨ੍ਹਾਂ ਦੋਵਾਂ ਤਿਓਹਾਰਾਂ ਦੀ ਵਿਚਾਰਧਾਰਾ ਵਿਚ ਕਾਫ਼ੀ ਫ਼ਰਕ ਹੈ।

ਹਰਿ ਨਾਮ ਰੰਗ-ਰਾਤੇ, ਮਹਾਂਬਲੀ ਜੋਧੇ, ਭਗਤ ਪ੍ਰਹਿਲਾਦ ਨੂੰ ਹਰਨਾਕਸ਼ ਦੀ ਕੋਈ ਤਾਕਤ ਵੀ ਨਾ ਝੁਕਾ ਸਕੀ ਅਤੇ ਨਾ ਹੀ ਭੈ-ਭੀਤ ਕਰ ਸਕੀ, ਉਹ ਨਾਮ ਦੇ ਮਜੀਠੀ ਰੰਗ ਵਿਚ ਰੰਗਿਆ ਅਡੋਲ ਰਿਹਾ। ਉਸ ਦਾ ਕਾਇਆ-ਰੂਪ ਚੋਲਾ ਨਾਮ ਦੇ ਮਜੀਠੀ ਰੰਗ ਵਿਚ ਰੰਗੀਜਿਆ ਪਿਆ ਸੀ। ਇਸ ਲਈ ਪ੍ਰਭੂ-ਕੰਤ ਉਸ ਦੇ ਪਾਸ ਸੀ, ਉਸ ਦੇ ਨਿਕਟ ਸੀ, ਉਸ ਦੇ ਅੰਗ-ਸੰਗ ਸੀ। ਫ਼ਿਰ ਉਸ ਨੂੰ ਭੈ ਕਾਹਦਾ? ਹਰਨਾਕਸ਼ ਦੀ ਵਰ-ਪ੍ਰਾਪਤ ਭੈਣ ਹੋਲਿਕਾ ਨੇ ਉਸ ਨੂੰ ਝੋਲੀ ਵਿਚ ਬਿਠਾ ਕੇ ਅਗਨ-ਭੇਟ ਕਰਨਾ ਚਾਹਿਆ, ਪਰ 'ਜਲੇ ਨ ਡੁਬੈ ਗੁਰਪ੍ਰਸਾਦਿ" ਅਤੇ "ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ ॥੩॥" (ਭੈਰਉ ਮ. ੩, ਅੰਗ : ੧੧੩੩)

ਪ੍ਰਹਿਲਾਦ ਅਗਨ-ਕੁੰਡ ਵਿਚੋਂ ਸਹੀ ਸਲਾਮਤ ਬਚ ਨਿਕਲਿਆ, ਪਰ ਸ਼ਿਵਜੀ ਤੋਂ ਵਰ ਪ੍ਰਾਪਤ ਹੋਈ ਹੋਲਿਕਾ ਸੁਆਹ ਦਾ ਢੇਰ ਬਣ ਗਈ। ਇਸੇ ਹੋਲਿਕਾ ਦੀ ਯਾਦ ਵਿਚ ਹਿੰਦੂ ਲੋਕ ਹੋਲੀਆਂ ਦੇ ਦਿਨਾਂ ਵਿਚ ਇਸ ਦੀ ਸੁਆਹ ਉਡਾਇਆ ਕਰਦੇ ਹਨ।

ਹੋਲੀਆਂ ਦਾ ਤਿਉਹਾਰ ਖੁੱਲ੍ਹੀ ਰੁੱਤ ਆਉਣ ਦੇ ਅਰੰਭ ਸਮੇਂ ਖ਼ੁਸ਼ੀਆਂ ਤੇ ਰੰਗਾਂ ਵਿਚ ਮਨਾਇਆ ਜਾਂਦਾ ਸੀ। ਇਕ-ਦੂਜੇ ਦੇ ਕੱਪੜੇ ਗੁਲਾਲ ਨਾਲ ਰੰਗਣੇ ਅਤੇ ਚਾਓ ਮਲ੍ਹਾਰਾਂ ਵਿਚ ਖੇਡਣ ਤੇ ਨੱਚਣ-ਕੁੱਦਣ ਵਿਚ ਖੁੱਲ੍ਹੀ ਰੁੱਤ ਦਾ ਆਉ ਭਗਤ ਕੀਤਾ ਜਾਂਦਾ ਸੀ। ਪਰ ਸਮੇਂ ਦੇ ਫੇਰ ਨਾਲ ਸਹਿਜੇ ਸਹਿਜੇ ਤਿਓਹਾਰਾਂ ਦੇ ਰੰਗ ਵਿਗੜਦੇ ਗਏ ਅਤੇ ਇਥੋਂ ਤੱਕ ਬੁਰੀ ਹਾਲਤ ਹੋ ਗਈ ਕਿ ਇਹ ਤਿਉਹਾਰ ਮਿੱਟੀ-ਘੱਟੇ ਤੇ ਕੋਲਿਆਂ ਦੀ ਰਾਖ ਉਡਾਉਣ ਤੋਂ ਵੱਧ ਕੇ ਗੰਦਗੀ ਉਛਾਲਣ ਤੱਕ ਪੁੱਜ ਗਿਆ। ਮਾਇਆ ਦੇ ਕੱਚੇ-ਕਸੁੰਭੇ ਰੰਗ ਵਿਚ ਭੁੱਲੀ ਲੋਕਾਈ ਪ੍ਰਭੂ ਨੂੰ ਭੁੱਲ ਗਈ।

ਮੇਰੇ ਰੰਗਲੇ ਪਾਤਸ਼ਾਹ ਕਲ਼ਗੀਧਰ ਪਿਤਾ ਜੀ ਨੇ ਆਚਰਣ ਦੀ ਇਸ ਗਿਰਾਵਟ ਤੋਂ ਆਪਣੇ ਸਿੱਖਾਂ ਨੂੰ ਬਚਾਉਣ ਲਈ ਹੋਲੇ-ਮਹੱਲੇ ਦਾ ਤਿਉਹਾਰ ਬਖਸ਼ਿਆ। ਸਿੰਘਾਂ ਨੂੰ ਇਕ ਪਾਸੇ ਤਾਂ ਨਾਮ ਦੇ ਚਲੂਲੇ ਰੰਗਾਂ ਵਿਚ ਰੰਗਿਆ ਅਤੇ ਦੂਜੇ ਪਾਸੇ ਬੀਰ-ਰਸ ਦੇ ਅਲੌਕਿਕ ਤਮਾਸ਼ਿਆਂ ਨਾਲ ਸਰਸ਼ਾਰ ਕੀਤਾ। ਹੋਲੇ-ਮਹੱਲੇ ਦਾ ਉਦੇਸ਼ ਸਮਝਣ ਲਈ ਸਾਨੂੰ ਭਾਈ ਕਾਨ੍ਹ ਸਿੰਘ ਜੀ ਨਾਭਾ ਦੁਆਰਾ 'ਮਹਾਨ ਕੋਸ਼' ਵਿਚ ਦਿੱਤੀ ਗਈ ਇਸ ਵਿਆਖਿਆ ਨੂੰ ਦੇਖਣਾ ਚਾਹੀਦਾ ਹੈ, "ਹਮਲਾ ਅਤੇ ਜਾਯ ਹਮਲਾ। ਹੱਲਾ ਅਤੇ ਹੱਲੇ ਦੀ ਥਾਂ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖ਼ਾਲਸੇ ਨੂੰ ਸ਼ਸਤ੍ਰ ਅਤੇ ਯੁਧ ਵਿਦਯਾ ਵਿਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖ਼ਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲ਼ਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸਭ ਸਿਖਯਾ ਦੇਂਦੇ ਸੀ, ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਦੇ ਸਨ।"

ਅਨੰਦਪੁਰ ਸਾਹਿਬ ਦੇ ਕਿਲ੍ਹਾ ਹੋਲਗੜ੍ਹ ਵਿਖੇ ਗੁਰੂ ਦਸਮੇਸ਼ ਜੀ ਨੇ ਦੀਵਾਨ ਸਜਾ ਕੇ ਸੰਮਤ ੧੭੫੭ ਚੇਤਰ ੧ ਨੂੰ ਹੋਲਾ-ਮਹੱਲਾ ਖੇਡਣ ਦੀ ਇਹ ਰੀਤ ਚਲਾਈ। ਸੱਚੇ ਪਾਤਸ਼ਾਹ ਨੇ ਦੀਵਾਨ ਵਿਚ ਨਾਮ-ਰੰਗ ਬਖ਼ਸ਼ਿਆ ਅਤੇ 'ਮਹੱਲਾ' ਚੜ੍ਹਾ ਕੇ ਬੀਰ ਰਸ ਪ੍ਰਦਾਨ ਕੀਤਾ। ਇਉਂ ਖ਼ਾਲਸਾ ਜੀ ਨੂੰ ਪੂਰਨ ਸੰਤ-ਸਿਪਾਹੀ ਬਣਾ ਕੇ ਮੁਕੰਮਲ ਕੀਤਾ। ਇਸ ਤਰ੍ਹਾਂ ਬਾਕੀ ਸਾਰਾ ਹਿੰਦੁਸਤਾਨ ਹੋਲੀ ਖੇਡਦਾ ਹੈ। ਪਰ ਦੁਨੀਆ ਦਾ ਨਿਰਾਲਾ ਤੇ ਨਿਆਰਾ ਪੰਥ ਖ਼ਾਲਸਾ 'ਹੋਲਾ' ਖੇਡਦਾ ਹੈ ਅਤੇ 'ਮਹੱਲਾ' ਕੱਢਦਾ ਹੈ।▪▪

### ਬੇਨਤੀ

**ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।**

### ਚੰਦਾ

**ਭਾਰਤ :** ਸਾਲਾਨਾ 200 ਰੁਪਏ, ਤਿੰਨ ਸਾਲ 500 ਰੁਪਏ, ਪੰਜ ਸਾਲ 800 ਰੁਪਏ, ਉਮਰ ਭਰ ਲਈ 2000 ਰੁਪਏ

**ਵਿਦੇਸ਼ਾਂ ਲਈ :** ਸਾਲਾਨਾ 2000 ਰੁਪਏ, ਉਮਰ ਭਰ ਲਈ 15,000 ਰੁਪਏ

ਚੰਦੇ ਆਪਣੇ ਨੇੜਲੇ ਸਾਡੇ ਪ੍ਰਤੀਨਿੱਧ ਜਾਂ ਸਾਡੇ ਮੁੱਖ ਦਫ਼ਤਰ 'ਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਜੀ।

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ**

**ਅੰਕ : ੩ ਸਾਲ : ੪ ਮਾਰਚ ੨੦੧੮**

**ਫੱਗਣ-ਚੇਤ, ੫੫੦ ਨਾਨਕਸ਼ਾਹੀ**

# ਸੋ ਕਹੀਅਤ ਹੈ ਸੂਰਾ

**ਨਿਰੋਲ ਧਾਰਮਿਕ ਮਾਸਿਕ ਪੱਤਰ**

'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇੰਨ-ਬਿੰਨ ਸਹਿਮਤ ਹੋਵੇ।
ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।

## ਲੇਖਕਾਂ ਤੇ ਪਾਠਕਾਂ ਲਈ

* ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
* ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਖ਼ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
* ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
* ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।

> **"ਆਪਣੇ ਰੂਹਾਨੀ ਤੇਜ਼ ਪ੍ਰਤਾਪ ਦੇ ਸਿਖਰ 'ਤੇ ਗੁਰੂ ਗੋਬਿੰਦ ਸਿੰਘ ਹੀ ਗੁਰੂ ਨਾਨਕ ਹਨ ਅਤੇ ਜਿਨ੍ਹਾਂ ਨੇ ਬੁੱਧ-ਮੱਤ ਦੇ ਅਸੂਲਾਂ ਨੂੰ ਯਮਾਤੋਂ ਤੋਂ ਜਾਪਾਨ ਦੇ ਲੋਕਾਂ ਵਿਚ ਪਿਊਂਦ ਹੁੰਦੇ ਪੂਰੀ ਤਰ੍ਹਾਂ ਵੇਖਿਆ ਹੈ, ਉਹ ਹੀ ਨੀਲੇ ਘੋੜੇ ਦੇ ਸਵਾਰ ਗੁਰੂ ਗੋਬਿੰਦ ਸਿੰਘ ਦੇ ਪਵਿੱਤਰ ਦਰਸ਼ਨਾਂ ਦੀ ਰੂਹਾਨੀ ਜੀਵਨ ਵਿਚ ਮਹਾਨਤਾ ਨੂੰ ਸਮਝ ਸਕਦੇ ਹਨ।**
> - ਪ੍ਰੋ. ਪੂਰਨ ਸਿੰਘ ਜੀ


**ਗੁਰਮਤਿ ਗੌਰਵਤਾ -੧੧** — 06
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

**ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਪੰਥ** — 09
ਪ੍ਰੋ. ਪੂਰਨ ਸਿੰਘ ਜੀ

**'ਔਰਨ ਕੀ ਹੋਲੀ ਮਮ ਹੋਲਾ'** — 12
ਤਲਵਿੰਦਰ ਸਿੰਘ ਬੁੱਟਰ

**੧੮੫੭ ਦਾ ਗ਼ਦਰ ਤੇ ਸਿੱਖ** — 15

**ਨੇਸ਼ਨ ਸਟੇਟ ਅੰਦਰ ਘੱਟਗਿਣਤੀਆਂ ਦੀਆਂ ਤਕਦੀਰਾਂ** — 19
ਅਜਮੇਰ ਸਿੰਘ

**ਘੱਟ-ਗਿਣਤੀਆਂ ਜੁੜ ਕੇ ਹੀ ਲੋਹ ਸ਼ਕਤੀ ਬਣ ਸਕਦੀਆਂ ਨੇ** — 22
ਜਸਵੰਤ ਸਿੰਘ ਕੰਵਲ

**ਸਿੱਖ ਧਰਮ ਦੇ ਪ੍ਰਸੰਗ 'ਚ ਜਾਤ-ਪਾਤ ਦਾ ਵਰਤਾਰਾ** — 25
ਤਲਵਿੰਦਰ ਸਿੰਘ ਬੁੱਟਰ

**ਅੰਤਰਯਾਮੀ ਸਤਿਗੁਰੂ ਦਸਮੇਸ਼ ਜੀ** — 29
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

**ਸਲੋਕੁ ਮ. ੧ ॥**
**ਕਲਿਕਾਤੀਰਾਜੇਕਾਸਾਈਧਰਮੁਪੰਖਕਰਿਉਡਰਿਆ ॥**
**ਕੂੜੁਅਮਾਵਸਸਚੁਚੰਦ੍ਰਮਾਦੀਸੈਨਾਹੀਕਹਚੜਿਆ ॥**
**ਹਉਭਾਲਿਵਿਕੁੰਨੀਹੋਈ ॥ ਆਧੇਰੈਰਾਹੁਨਕੋਈ ॥**
**ਵਿਚਿਹਉਮੈਕਰਿਦੁਖੁਰੋਈ ॥ ਕਹੁਨਾਨਕਕਿਨਿਬਿਧਿਗਤਿਹੋਈ ॥੧ ॥**
**(ਵਾਰ ਮਾਝ ਕੀ ਤਥਾ ਸਲੋਕ ਮਹਲਾ ੧, ਅੰਕ : ੧੪੫)**

# ਅਰਥ ਵਿਚਾਰ

ਛੁਰੀ (ਕਾਤੀ) ਰੂਪ ਕਲਿਜੁਗ ਵਿਚ ਰਾਜੇ ਕਸਾਈ ਰੂਪ ਹਨ ਅਤੇ ਧਰਮ ਪੰਖ ਲਾ ਕੇ ਉਡ ਗਿਆ ਹੈ, ਭਾਵ ਗ਼ਾਇਬ ਹੋ ਗਿਆ ਹੈ। ਕੂੜ ਰੂਪੀ ਮੱਸਿਆ (ਛਾਈ ਹੋਈ) ਹੈ ਅਤੇ ਸੱਚ ਰੂਪੀ ਚੰਦ ਕਿਤੇ ਵੀ ਚੜ੍ਹਿਆ ਹੋਇਆ ਨਹੀਂ ਦਿੱਸ ਰਿਹਾ। ਮੈਂ (ਸੱਚ ਨੂੰ) ਭਾਲ ਕੇ ਵਿਕੁੰਨੀ, ਭਾਵ; ਵਿਆਕੁਲ ਹੋ ਗਈ ਹਾਂ ਪਰ ਇਸ (ਕੂੜ ਰੂਪੀ ਮੱਸਿਆ ਦੇ) ਹਨੇਰੇ ਵਿਚ ਕੋਈ ਰਾਹ ਨਹੀਂ ਹੈ। ਸਾਰੀ ਦੁਨੀਆ ਹੀ ਹਉਮੈ ਵਿਚ ਹੋਣ ਕਰਕੇ, ਦੁਖ ਪਾ ਰਹੀ ਹੈ ਅਤੇ ਰੋ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮੋਹਰ ਛਾਪ ਲਾ ਕੇ ਫ਼ਰਮਾਉਂਦੇ ਹਨ ਕਿ (ਅਜਿਹੀ ਹਾਲਤ ਵਿਚ) ਕਿਸ ਬਿਧਿ (ਤਰੀਕੇ ਨਾਲ) ਦੁਨੀਆ ਦੀ ਗਤੀ ਹੋਵੇ।

ਗੁਰੂ ਸਾਹਿਬ ਜੀ ਨੇ ਇਹ ਸ਼ਬਦ, ਕਲਿਜੁਗ ਵਿਚ ਦੁਨੀਆ ਦੇ ਸਰਕਾਰੀ ਨਿਜ਼ਾਮ ਨੂੰ ਮੁੱਖ ਰੱਖ ਕੇ ਉਚਾਰਿਆ ਹੈ। ਕਲਿਜੁਗ ਦੇ ਸਮੇਂ ਨੂੰ ਛੁਰੀ ਨਾਲ ਸਮਾਨਤਾ ਦਿੱਤੀ ਹੈ, ਰਾਜਿਆਂ ਹੁਕਮਰਾਨਾਂ ਨੂੰ ਕਸਾਈ ਦੀ ਸੰਗਿਆ ਦਿੱਤੀ ਹੈ ਅਤੇ ਧਰਮ ਦਾ ਉੱਕਾ ਹੀ ਅਭਾਵ ਦੱਸਿਆ ਹੈ। ਰਾਜਿਆਂ ਨੂੰ ਕਸਾਈ ਕਹਿਣਾ ਅਤੇ ਕਲਿਜੁਗ ਦੇ ਸਮੇਂ ਨੂੰ ਛੁਰੀ ਕਹਿਣ ਦਾ ਭਾਵ ਇਹ ਹੈ ਕਿ ਕਲਿਜੁਗ ਦਾ ਸਮਾਂ ਜ਼ੁਲਮੋ-ਸਿਤਮ ਦਾ ਸਮਾਂ ਹੈ। ਇਸ ਜ਼ੁਲਮੋ-ਸਿਤਮ ਦੇ ਸਮੇਂ ਵਿਚ ਦੁਨੀਆ ਦੀ ਇਹ ਹਾਲਤ ਹੈ ਕਿ ਸਹਾਰੇ ਦੇ ਤੌਰ 'ਤੇ ਧਰਮ ਕਿਤੇ ਵੀ ਨਜ਼ਰ ਨਹੀਂ ਆ ਰਿਹਾ। ਕੂੜ ਦਾ ਘੁੱਪ ਹਨੇਰਾ ਛਾਇਆ ਹੋਇਆ ਹੈ। ਅਖੀਰ ਵਿਚ ਸਤਿਗੁਰੂ ਜੀ ਇਸ ਹਨੇਰੇ ਦਾ ਮੂਲ ਦੱਸਦੇ ਹਨ ਕਿ ਇਹ ਹਨੇਰਾ ਇਸ ਕਰਕੇ ਹੈ ਕਿ ਸਾਰੀ ਦੁਨੀਆ ਹਉਮੈ ਵਿਚ ਗ੍ਰਸਤ ਹੈ ਅਤੇ ਇਸ ਤੋਂ ਉਪਜਣ ਵਾਲੇ ਦੁਖ ਕਰਕੇ ਰੋ ਰਹੀ ਹੈ।

ਇਹ ਸ਼ਬਦ ਅੱਜ ਦੇ ਹਾਲਾਤਾਂ ਦੀ ਖੂਬ ਤਰਜ਼ਮਾਨੀ ਕਰਦਾ ਹੈ। ਅੱਜ ਦੇ ਰਾਜੇ, ਰਾਜਸੀ ਸੱਤਾ ਦੇ ਨਸ਼ੇ ਵਿਚ ਇੰਨੇ ਮੱਤੇ ਹੋਏ ਹਨ ਕਿ ਉਨ੍ਹਾਂ ਵਿਚੋਂ ਧਰਮ ਬਿਲਕੁਲ ਹੀ ਨਿਕਲ ਗਿਆ ਹੈ। ਹਾਲਾਂਕਿ ਬਹੁਤੇ ਹੁਕਮਰਾਨ ਧਰਮ ਦੀ ਦੁਰਵਰਤੋਂ ਕਰਕੇ ਸੱਤਾ ਹਾਸਲ ਕਰਦੇ ਹਨ ਪਰ ਉਹ ਧਰਮ ਹਿੱਤ ਕੁਝ ਵੀ ਨਹੀਂ ਕਰਦੇ ਸਗੋਂ ਆਪਣੇ ਨਿੱਜੀ ਮੁਫਾਦਾਂ ਦੀ ਖ਼ਾਤਰ ਧਰਮ ਦੀ ਸਦਾ ਹਾਨੀ ਹੀ ਕਰਦੇ ਹਨ।

ਪੁਰਾਣਿਆਂ ਸਮਿਆਂ ਵਿਚ ਰਾਜਨੀਤਕ ਲੋਕ ਜਿਵੇਂ ਕਿ ਵੱਡੇ-ਵੱਡੇ ਚਕ੍ਰਵਰਤੀ ਰਾਜੇ, ਰਿਖੀਆਂ-ਮੁਨੀਆਂ ਅੱਗੇ ਝੁਕਿਆ ਕਰਦੇ ਸਨ ਅਤੇ ਉਨ੍ਹਾਂ ਦੇ ਤਾਬਿਆਦਾਰ ਹੁੰਦੇ ਸਨ। ਉਦੋਂ ਦੇ ਰਾਜੇ ਮਹਾਰਾਜੇ, ਧਾਰਮਿਕ ਆਗੂਆਂ ਤੋਂ ਸਾਲਾਹ ਲੈ ਕੇ ਚੱਲਦੇ ਹੁੰਦੇ ਸਨ ਅਤੇ ਰਾਜ ਦਰਬਾਰਾਂ ਵਿਚ ਧਾਰਮਿਕ ਸਲਾਹਕਾਰਾਂ ਦਾ ਇਕ ਖ਼ਾਸ ਸਥਾਨ ਹੁੰਦਾ ਸੀ ਤਾਂ ਕਿ ਰਾਜਿਆਂ ਪਾਸੋਂ ਰਾਜਨੀਤਕ ਕੰਮ ਕਰਦਿਆਂ ਹੋਇਆਂ ਕੋਈ ਪਾਪ ਨਾ ਹੋ ਜਾਵੇ। ਇਸ ਦੇ ਉਲਟ ਅੱਜ ਇਹ ਹਾਲਤ ਹੈ ਕਿ ਧਰਮ ਦੇ ਅਲੰਬਰਦਾਰ ਅਤੇ ਵੱਡੇ ਅਖਵਾਉਣ ਵਾਲੇ ਸੰਤ-ਮਹਾਂਪੁਰਖ ਵੀ ਰਾਜਨੀਤਕ ਲੋਕਾਂ ਦੇ ਹੱਥਾਂ ਦੀਆਂ ਕਠਪੁਤਲੀਆਂ ਬਣੇ ਹੋਏ ਹਨ। ਚਾਹੀਦਾ ਤਾਂ ਇਹ ਸੀ ਕਿ ਰਾਜਨੀਤੀ ਉਪਰ ਧਰਮ ਦਾ ਕੁੰਡਾ ਹੁੰਦਾ ਪਰ ਅਜੋਕੇ ਸਮੇਂ ਵਿਚ ਧਰਮ ਪੂਰੀ ਤਰ੍ਹਾਂ ਰਾਜਨੀਤੀ ਦੇ ਦਬਾਓ ਥੱਲੇ ਕੁਚਲਿਆ ਹੋਇਆ ਹੈ। ਨਤੀਜਾ ਇਹ ਹੈ ਕਿ ਅੱਜ ਦੀ ਸਿਆਸਤ ਨਿਰੀ ਚੰਗੇਜ਼ੀ ਹੀ ਰਹਿ ਗਈ ਹੈ। ਅੱਜ ਦਾ ਰਾਜਾ ਹਰਣਾਖਸ਼ ਦਾ ਰੂਪ ਧਾਰਨ ਕਰ ਗਿਆ ਹੈ। ਜਿਸ ਦੇਸ ਦਾ ਰਾਜਾ ਹਰਣਾਖਸ਼ ਦੇ ਪਦ-ਚਿੰਨ੍ਹਾਂ 'ਤੇ ਤੁਰ ਪਵੇ, ਉਥੋਂ ਦੀ ਪਰਜਾ ਕਿਵੇਂ ਸੁਖੀ ਰਹਿ ਸਕਦੀ ਹੈ ?

ਅੱਜ ਜ਼ਰੂਰਤ ਹੈ ਕਿ ਧਰਮ ਨੂੰ ਰਾਜਨੀਤੀ ਦੇ ਚੁੰਗਲ ਤੋਂ ਆਜ਼ਾਦ ਕੀਤਾ ਜਾਵੇ ਅਤੇ ਧਰਮ ਦੇ ਖੇਤਰ ਵਿਚ ਰਾਜਨੀਤਕ ਲੋਕਾਂ ਦੀ ਕਿਸੇ ਵੀ ਤਰ੍ਹਾਂ ਦੀ ਦਖ਼ਲ-ਅੰਦਾਜ਼ੀ ਬਰਦਾਸ਼ਤ ਨਾ ਕੀਤੀ ਜਾਵੇ। ਗੁਰਦੁਆਰਾ ਕਮੇਟੀ ਦੀਆਂ ਚੋਣਾਂ ਲੜਨ ਦਾ ਸਿਆਸੀ ਪਾਰਟੀਆਂ ਨੂੰ ਕੀ ਹੱਕ ਹੈ ? ਇਹ ਤਾਂ ਸਿੱਧੀ ਪੱਧਰੀ ਗੱਲ ਹੈ ਕਿ ਜੇਕਰ ਸਿਆਸੀ ਲੋਕ, ਧਾਰਮਿਕ ਅਦਾਰਿਆਂ 'ਤੇ ਕਾਬਜ਼ ਹੋਣਗੇ ਤਾਂ ਉਨ੍ਹਾਂ ਨੇ ਆਪਣੀ ਖਸਲਤੋ-ਆਦਤ ਅਨੁਸਾਰ ਉਥੇ ਸਿਆਸਤ ਦੀਆਂ ਬਾਜ਼ੀਆਂ ਹੀ ਖੇਡਣੀਆਂ ਹਨ। ਇਹੀ ਕਾਰਨ ਹੈ ਕਿ ਸਾਡੇ ਧਾਰਮਿਕ ਅਦਾਰੇ ਅੱਜ ਸਿਆਸੀ ਖੇਡਾਂ ਦਾ ਮੈਦਾਨ ਬਣ ਗਏ ਹਨ ਅਤੇ ਸਾਡੇ ਪ੍ਰਚਾਰਕ, ਕੀਰਤਨੀਏ, ਸੰਤ-ਮਹਾਤਮਾ ਆਦਿ ਸਿਆਸੀ ਲੋਕਾਂ ਦੇ ਹੱਥਾਂ ਦੇ ਹੱਥ-ਠੋਕੇ ਬਣੇ ਹੋਏ ਹਨ। ਤੱਤ-ਸਾਰ ਤਾਂ ਇਹ ਹੈ ਕਿ ਜੇਕਰ ਕੋਈ ਧਾਰਮਿਕ ਅਖਵਾਉਣ ਵਾਲਾ ਵਿਅਕਤੀ, ਸਿਆਸੀ ਲੋਕਾਂ ਦੇ ਅਧੀਨ ਨਜ਼ਰ ਆਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਅਜਿਹਾ ਵਿਅਕਤੀ ਗੁਰਮਤਿ ਅਨੁਸਾਰੀ ਨਹੀਂ ਹੈ ਅਤੇ ਉਸ ਤੋਂ ਕਿਨਾਰਾ ਕਰ ਲੈਣਾ ਚਾਹੀਦਾ ਹੈ। ਸ੍ਰੀ ਗੁਰੂ ਨਾਨਕ-ਦਸਮੇਸ਼ ਜੀ ਦੇ ਗੁਰਮੁਖਿ ਪਿਆਰੇ ਕਦੇ ਵੀ ਕਿਸੇ ਬਾਬਰ ਜਾਂ ਮਲਕ ਖਾਨ ਦੇ ਤਾਬਿਆਦਾਰ ਨਹੀਂ ਹੁੰਦੇ। ਉਹ ਤਾਂ ਸੱਚੇ ਪਾਤਿਸ਼ਾਹ ਤੋਂ ਬਿਨਾਂ ਕਿਸੇ ਦੀ ਈਨ ਨਹੀਂ ਮੰਨਦੇ। ਉਨ੍ਹਾਂ ਦਾ ਸਿਰ ਝੁਕਦਾ ਹੈ ਤਾਂ ਕੇਵਲ ਗੁਰੂ ਅੱਗੇ ਜਾਂ ਗੁਰੂ ਵਰੋਸਾਈ ਸੰਗਤ ਅੱਗੇ। ਜੋ ਸਿਰ ਸਿਆਸੀ ਠਾਕੁਰਾਂ ਅੱਗੇ ਝੁਕਦਾ ਹੈ, ਉਹ ਸਿਰ ਗੁਰੂ ਕੇ ਸਿੱਖ ਦਾ ਨਹੀਂ ਹੋ ਸਕਦਾ, ਸੋ ਅਜਿਹੇ ਭੇਖੀਆਂ ਨੂੰ ਗੁਰਦੁਆਰਿਆਂ ਦੇ ਗ੍ਰੰਥੀ, ਜਥੇਦਾਰ, ਪ੍ਰਚਾਰਕ, ਸੰਤ ਆਦਿ ਕਹਾਉਣ ਦਾ ਕੋਈ ਹੱਕ ਨਹੀਂ। ਧਰਮ ਨੂੰ ਬਚਾਉਣ ਦਾ ਇਕੋ ਤਰੀਕਾ ਹੈ ਕਿ ਇਦਾਂ ਦੇ ਟੁਕੜਬਾਜ਼ਾਂ ਨੂੰ ਕੰਨੋਂ ਫੜ ਕੇ ਗੁਰਦੁਆਰਿਆਂ ਦੇ ਪ੍ਰਬੰਧ ਤੋਂ ਬਾਹਰ ਕੱਢ ਦੇਣਾ ਚਾਹੀਦਾ ਹੈ। ■■

# ਗੁਰਮਤਿ ਸੱਚਾ ਤੇ ਸਦੀਵੀ ਧਰਮ

## ਅਰਥਾਤ

੧੦

# ਗੁਰਮਤਿ ਗੌਰਵਤਾ -੧੧

## ਜਿਸ ਵਿਚ

# ਗੁਰਮਤਿ ਮੰਡਨ ਤੇ ਮਨਮਤਿ ਖੰਡਨ ਹੈ



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

**ਗੁਰਸਿਖੀ ਮਾਰਗ ਗਰਬ ਗ਼ਰੂਰ ਤੋਂ ਹੀਣਿਆਂ ਨੀਵਿਆਂ ਦਾ ਮਾਰਗ ਹੈ। ਜੋ ਭੀ ਗਰਬ ਤਿਆਗ ਕੇ ਗੁਰਮਤਿ ਗਰੀਬੀ ਰੂਪੀ ਨੀਵਾਣ ਵਿਚ ਆਇਆ, ਉਸ ਦਾ ਨਿਸਤਾਰਾ ਹੀ ਸੰਭਵ ਗਿਣਿਆ ਗਿਆ। ਗਰਬ-ਵੰਤਿਆਂ ਦੀ ਗਰਦਨ ਆਕੜ ਦੇ ਕਾਰਨ ਆਕੜੀ ਹੀ ਰਹੀ, ਤਿਨ੍ਹਾਂ ਦੇ ਪੱਲੇ ਪ੍ਰਮਾਰਥ ਵਲੋਂ ਕੁਛ ਭੀ ਨ ਪਿਆ। ਤਾਂ ਤੇ ਸੰਸਾਰ ਵਿਖੇ ਅਜਿਹਾ ਗਰਬ ਗੁਮਾਨ ਬੁਰਾ ਅਤੇ ਬੁਰੇ ਕੰਮਾਂ ਦਾ ਫਲ ਹੀ ਹੈ। ਜਿਸ ਨੂੰ ਵਾਹਿਗੁਰੂ ਦੇ ਭਾਣੇ ਅਨੁਸਾਰ ਸੱਚਾ ਗੁਰੂ ਮਿਲਦਾ ਹੈ ਤਿਸ ਦਾ ਹੀ ਗਰਬ ਨਿਵਾਰਿਆ ਜਾਂਦਾ ਹੈ।**

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...)

**ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥**
**ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥੧ ॥**
**ਐਸਾ ਗਰਬੁ ਬੁਰਾ ਸੰਸਾਰੈ ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧ ॥ਰਹਾਉ ॥**
**ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥**
**ਬਿਨੁ ਗੁਰ ਪੂਛੇ ਜਾਇ ਪਇਆਰੀ ॥੨ ॥**
**ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥**
**ਆਪਿ ਭੁਲਾਏ ਆਪੇ ਮਤਿ ਦੇਵੈ ॥੩ ॥**
**ਦੁਰਮਤਿ ਹਰਣਾਖਸੁ ਦੁਰਾਚਾਰੀ ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥**
**ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪ ॥**
**ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥**
**ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫ ॥**
**ਸਹਸਬਾਹੁ ਮਧੁਕੀਟ ਮਹਿਖਾਸਾ ॥ ਹਰਣਾਖਸੁ ਲੇ ਨਖਹੁ ਬਿਧਾਸਾ ॥**
**ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥੬ ॥**
**ਜਰਾਸੰਧਿ ਕਾਲ ਜਮੁਨ ਸੰਘਾਰੇ ॥ ਰਕਤਬੀਜੁ ਕਾਲੁ ਨੇਮੁ ਬਿਦਾਰੇ ॥**
**ਦੈਤ ਸੰਘਾਰਿ ਸੰਤ ਨਿਸਤਾਰੇ ॥੭ ॥**
**ਆਪੇ ਸਤਿਗੁਰੁ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ ॥**
**ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮ ॥**
**ਬੂਡਾ ਦੁਰਜੋਧਨੁ ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥**
**ਜਨ ਕਉ ਦੂਖਿ ਪਚੈ ਦੁਖੁ ਹੋਈ ॥੯ ॥**
**ਜਨਮੇਜੈ ਗੁਰ ਸਬਦੁ ਨ ਜਾਨਿਆ ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥**
**ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥੧੦ ॥**
**ਕੰਸੁ ਕੇਸੁ ਚਾਡੂਰੁ ਨ ਕੋਈ ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥**
**ਬਿਨੁ ਜਗਦੀਸ ਨ ਰਾਖੈ ਕੋਈ ॥੧੧ ॥**
**ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥**
**ਨਾਨਕ ਨਾਮੁ ਮਿਲੈ ਗੁਣ ਗਾਇ ॥੧੨ ॥੯ ॥**
**(ਗਉੜੀ ਮ: ੧, ਪੰਨਾ: ੨੨੪-੨੫)**

ਵਿਆਖਿਆ- ਏਸ ਗੁਰਵਾਕ ਅੰਦਰ ਹਿੰਦੂ ਆਨਮਤ ਪਖੰਡੀਆਂ ਦੇ ਵਡੇ ਤੋਂ ਵਡੇ ਮੰਨੇ ਦੰਨੇ ਮਹਾਂਪੁਰਸ਼ਾਂ ਦਾ ਕਰਤਵ ਕਰਕੇ ਖੰਡਨ ਕੀਤਾ ਗਿਆ ਹੈ ਕਿਉਂਕਿ ਓਹ ਗੁਰਮਤਿ ਤੋਂ ਉੱਕੇ ਹੀ ਘੁੱਥੇ ਹੋਏ ਸਨ। ਇਸ ਕਰਕੇ ਓਹਨਾਂ ਦੀ ਗਤਿ ਕਲਿਆਣ ਹੋਈ ਹੀ ਨਹੀਂ। ਹੋਰ ਤਾਂ ਹੋਰ, ਹਿੰਦੂਆਂ ਦਾ ਵਡੇਰਾ ਦੇਵਤਾ ਬ੍ਰਹਮਾ ਨਿਰਾ ਗਰਬ-ਗਹੇਲਾ ਹੀ ਰਿਹਾ, ਉਸ ਨੇ ਤੱਤ ਪ੍ਰਮਾਰਥ ਜਾਣਿਆ ਹੀ ਨਹੀਂ। ਬੇਦ ਬੀਚਾਰਨ ਅਤੇ ਉਚਾਰਨ ਦੀ ਬਿਪਤਾ ਉਸ ਦੇ ਗਲ ਪਈ ਹੀ ਰਹੀ, ਸਗੋਂ ਇਸ ਬਿਪਤਾ ਗਲ ਪਈ ਤੇ ਬਹੁਤ ਪਛੁਤਾਇਆ। ਕਿਉਂਕਿ ਇਹ ਸਹੇੜ ਸਹੇੜ ਬੈਠਾ। ਬੇਦ-ਪਾਠੀ ਅਤੇ ਬੇਦ-ਬਕਤੇ ਹੋਣ ਨੇ ਓਸ ਦੀ ਗਿੱਲ ਹੀ ਗੰਵਾ ਛਡੀ। ਉਸ ਨੂੰ ਪ੍ਰਮਾਰਥ ਦੀ ਸੂਝ ਆਈ ਹੀ ਨਹੀਂ। ਨਾਮ ਸਿਮਰਨ ਤੋਂ ਘੁੱਥਾ ਹੀ ਰਿਹਾ। ਜਿਸ ਨੇ ਜਦੋਂ ਭੀ ਵਾਹਿਗੁਰੂ ਨੂੰ ਸਿਮਰਿਆ, ਓਦੋਂ ਓਥੇ ਹੀ ਉਸ ਦਾ ਮਨ ਪ੍ਰਮਾਰਥ ਕਲਾ ਉਤੇ ਪਤੀਜ ਗਿਆ। ਬ੍ਰਹਮਾ ਭੀ ਤਦ ਹੀ ਪਤੀਜੈਗਾ ਜਦੋਂ ਇਹ ਜਨਮ ਧਾਰ ਵਾਹਿਗੁਰੂ ਦੀ ਨੇਤ ਅਨੁਸਾਰ ਸਤਿਗੁਰੂ ਦਾ ਸੱਚਾ ਸਿਖ ਬਣੇਗਾ, ਜੈਸਾ ਕਿ ਆਮ ਰਵਾਇਤ ਹੈ ਕਿ ਬ੍ਰਹਮਾ ਨੇ ਹੀ ਭਿੱਖੇ ਭੱਟ ਦਾ ਜਨਮ ਧਾਰ ਕੇ ਆਪਣਾ ਲੋਕ ਪਰਲੋਕ ਗੁਰੂ ਦਾ ਸਿੱਖ ਬਣਨ ਦੇ ਕਾਰਨ ਸਵਾਰਿਆ।

ਗੁਰਸਿਖੀ ਮਾਰਗ ਗਰਬ ਗ਼ਰੂਰ ਤੋਂ ਹੀਣਿਆਂ ਨੀਵਿਆਂ ਦਾ ਮਾਰਗ ਹੈ। ਜੋ ਭੀ ਗਰਬ ਤਿਆਗ ਕੇ ਗੁਰਮਤਿ ਗਰੀਬੀ ਰੂਪੀ ਨੀਵਾਣ ਵਿਚ ਆਇਆ, ਉਸ ਦਾ ਨਿਸਤਾਰਾ ਹੀ ਸੰਭਵ ਗਿਣਿਆ ਗਿਆ। ਗਰਬ-ਵੰਤਿਆਂ ਦੀ ਗਰਦਨ ਆਕੜ ਦੇ ਕਾਰਨ ਆਕੜੀ ਹੀ ਰਹੀ, ਤਿਨ੍ਹਾਂ ਦੇ ਪੱਲੇ ਪ੍ਰਮਾਰਥ ਵਲੋਂ ਕੁਛ ਭੀ ਨ ਪਿਆ। ਤਾਂ ਤੇ ਸੰਸਾਰ ਵਿਖੇ ਅਜਿਹਾ ਗਰਬ ਗੁਮਾਨ ਬੁਰਾ ਅਤੇ ਬੁਰੇ ਕੰਮਾਂ ਦਾ ਫਲ ਹੀ ਹੈ। ਜਿਸ ਨੂੰ ਵਾਹਿਗੁਰੂ ਦੇ ਭਾਣੇ ਅਨੁਸਾਰ ਸੱਚਾ ਗੁਰੂ ਮਿਲਦਾ ਹੈ ਤਿਸ ਦਾ ਹੀ ਗਰਬ ਨਿਵਾਰਿਆ ਜਾਂਦਾ ਹੈ। ਜਾਨਣਾ ਚਾਹੀਏ ਕਿ ਸੱਚਾ ਗੁਰੂ ਸੰਸਾਰ ਵਿਖੇ ਅੱਜ ਤਾਈਂ ਆਪਣੇ ਗੁਰੂ ਜੋਤਿ ਜਾਮਿਆਂ ਵਿਚ ਕੇਵਲ ਸਤਿਗੁਰੂ ਨਾਨਕ ਹੀ ਹੋਇਆ ਹੈ ਅਤੇ ਸਦੀਵ ਲਈ ਉਹੀ ਰਹੇਗਾ। ਜੋ ਜੋ ਭੀ ਗਰਬ, ਬਿਰਥਾ ਹੰਕਾਰ ਕਰਦੇ ਹਨ ਤੇ ਹੰਕਾਰ ਦਾ ਪੁੰਜ ਹੁੰਦੇ ਹਨ, ਓਹ ਸਭੇ ਪ੍ਰਮਾਰਥ ਤੋਂ ਘੁੱਥੇ ਹੀ ਜਾਂਦੇ ਹਨ। ਕਿਸੇ ਨੂੰ ਮਾਇਆ ਦਾ ਗਰਬ, ਕਿਸੇ ਨੂੰ ਰਾਜ ਦਾ ਗਰਬ, ਕਿਸੇ ਨੂੰ ਰੂਪ ਦਾ ਗਰਬ, ਕਿਸੇ ਨੂੰ ਬਲ ਸੂਰਮਤਾਈ ਦਾ ਗੁਮਾਨ, ਕਿਸੇ ਨੂੰ ਜਾਤ ਜੋਬਨ ਦਾ ਅਭਿਮਾਨ। ਅਜਿਹੇ ਗਰਬ ਦੇ ਮੁੱਠੇ ਹੋਏ ਪ੍ਰਾਣੀ ਸਭ ਗੁਰਮਤਿ ਤੋਂ ਘੁੱਥੇ ਹੋਏ ਹੀ ਰਹਿੰਦੇ ਹਨ। ਘੁੱਥੇ ਹੋਏ ਰਹਿਣ ਦੇ ਕਾਰਨ ਓਹਨਾਂ ਦਾ ਰੋਗ ਹੋਰ ਵਧਦਾ ਜਾਂਦਾ ਹੈ।

ਬਲ ਰਾਜੇ ਨੂੰ ਮਾਇਆ ਦਾ ਹੰਕਾਰ ਹੋਇਆ ਤੇ ਮਾਰਿਆ ਗਿਆ। ਪ੍ਰਮਾਰਥ ਵਲ ਉਸ ਦੀ ਬਿਰਤੀ ਚੜ੍ਹੀ ਹੀ ਨਹੀਂ, ਬਹੁਤੀ ਮਾਇਆ ਹੋਣ ਕਰਕੇ ਉਸ ਨੇ ਬਹੁਤੇ ਜਗ ਕੀਤੇ ਅਤੇ ਜਗ ਕਰਨ ਦੇ ਕਾਰਨ ਉਸ ਦਾ ਭਾਰ ਅਫਾਰਾ ਸਗੋਂ ਹੋਰ ਵਧ ਗਿਆ। ਇਸ ਦੇ ਕਾਰਨ ਉਸ ਨੂੰ ਪਤਾਲੋਂ ਥੱਲੇ ਜਾਣਾ ਪਿਆ। ਜੇ ਉਸ ਪਰ ਵਾਹਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਤਾਂ ਸੱਚੇ ਗੁਰੂ ਦਾ ਮਿਲਾਪ ਹੋ ਜਾਂਦਾ ਤਾਂ ਉਸ ਦੀ ਇਹ ਦੁਰਗਤੀ ਕਦੇ ਨ ਹੁੰਦੀ। ਹਰੀ ਚੰਦ ਰਾਜੇ ਨੂੰ (ਜੋ ਹਿੰਦੂਆਂ ਦਾ ਬੜਾ ਦਾਨੀ ਮਾਨੀ ਵਡੇਰਾ ਮੰਨਿਆ ਗਿਆ ਹੈ) ਦਾਨ ਕਰਨ ਦਾ ਮਾਨ ਤੇ ਦਾਨ ਕਰਕੇ ਜਸ ਲੈਣ ਦਾ ਚਸਕਾ ਪੈ ਗਿਆ, ਉਹ ਆਪਣਾ ਆਪ ਹੀ ਭੁਲ ਗਿਆ। ਉਸ ਨੂੰ ਅਭੇਦ ਅਕਾਲ ਪੁਰਖ ਦਾ ਭੇਦ ਕੀ ਆਉਣਾ ਸੀ, ਕਿਉਂਕਿ ਉਹ ਸਾਰੀ ਉਮਰ ਨਿਗੁਰਾ ਹੀ ਰਿਹਾ। ਗੁਰੂ ਬਾਝੋਂ ਸੱਚੇ ਪ੍ਰਮਾਰਥ ਦਾ ਭੇਦ ਆ ਹੀ ਨਹੀਂ ਸਕਦਾ। ਜੇ ਉਸ ਨੂੰ ਭੇਦ ਆਉਣਾ ਹੁੰਦਾ ਤਾਂ ਵਾਹਿਗੁਰੂ ਅਕਾਲ ਪੁਰਖ ਆਪਣੀ ਨਦਰ ਮੇਹਰ ਕਰ ਕੇ ਸੱਚੇ ਗੁਰੂ ਦਾ ਮਿਲਾਪ ਕਰਾਇ ਦਿੰਦਾ। ਤਾਂ ਤੇ ਉਸ ਉਤੇ ਉਸ ਦੇ ਕਰਮਾਂ ਅਨੁਸਾਰ ਇਹ ਨਦਰ ਮੇਹਰ ਹੋਣੀ ਹੀ ਨਹੀਂ ਸੀ। ਇਸ ਕਰਕੇ ਉਹ ਭੁੱਲਾ ਹੀ ਰਿਹਾ। ਇਹ ਭੀ ਕਹਿਣਾ ਠੀਕ ਹੈ ਕਿ ਪਰਮਾਤਮਾ ਨੇ ਉਸ ਨੂੰ ਭੁਲਾਇਆ। ਹੁਣ ਭੀ ਜੇ ਪਰਮਾਤਮਾ ਨੂੰ ਮਨਜ਼ੂਰ ਹੋਇਆ ਤਾਂ ਉਸ ਨੂੰ ਫੇਰ ਸੁਮੱਤੇ ਲਾ ਸਕਦਾ ਹੈ।

ਖੋਟੀ ਮਤਿ, ਦੁਰਮਤਿ ਮਤਿ ਵਾਲਾ ਦੈਂਤ ਹਰਨਾਖਸ਼ ਦੁਰਾਚਾਰੀ ਹੀ ਰਿਹਾ। ਵਾਹਿਗੁਰੂ ਨਿਰੰਕਾਰ ਨਰਾਇਣ ਗਰਬ-ਪ੍ਰਹਾਰੀ ਨੇ ਉਸ ਦਾ ਗਰਬ ਤੋੜ ਕੇ ਹੀ ਛਡਿਆ। ਪ੍ਰਹਿਲਾਦ ਉਤੇ ਗੁਰੂ ਅਕਾਲ ਪੁਰਖ ਦੀ ਕਿਰਪਾ ਹੋ ਗਈ ਤਾਂ ਉਸ ਦਾ ਉਧਾਰ ਹੋ ਗਿਆ। ਮੂਰਖ ਮੁਗਧ ਰਾਵਣ ਆਪਣੇ ਥੇਹੋਂ ਥਾਵੋਂ ਭੁਲ ਗਿਆ। ਪ੍ਰਮਾਰਥ ਤੋਂ ਉੱਕਾ ਹੀ ਉਖੜ ਗਿਆ, ਤਾਂ ਤੇ ਅਚੇਤ ਹੀ ਉਸ ਦਾ ਨਾਸ ਹੋ ਗਿਆ। ਉਸ ਦੀ ਲੰਕਾ ਲੁਟੀ ਗਈ। ਸੀਸ ਸਮੇਤ ਉਸ ਦੀ ਜੜ੍ਹ ਪੁਟੀ ਗਈ। ਗਰਬ ਕਰਨ ਕਰਕੇ ਉਹ ਗਇਆ ਗੁਜਰਿਆ ਹੋ ਗਿਆ। ਸਤਿਗੁਰੂ ਦੇ ਪ੍ਰਮਾਰਥ ਪ੍ਰੇਮ ਪ੍ਰਾਇਣ ਉਹ ਹੋਇਆ ਹੀ ਨਾ। ਏਸੇ ਪ੍ਰਕਾਰ ਹੀ ਸਹਸ ਬਾਹੂ ਮਧਕੀਟ ਆਦਿਕ ਦੈਂਤਾਂ ਦੀ ਦੁਰਗਤਿ ਹੋਈ। ਕਦੇ ਭੀ ਅਤੇ ਕਿਸੇ ਵੇਲੇ ਭੀ ਕਿਸੇ ਤੋਂ ਭੀ ਨ ਮਾਰੇ ਜਾਣ ਦੇ ਦਾਅਵਾ ਰਖਣ ਵਾਲੇ ਹਰਨਾਖਸ਼ ਨੂੰ ਨਹੁੰਆਂ ਨਾਲ ਹੀ ਪਾੜਿਆ ਗਿਆ। ਗੁਰਮਤਿ-ਭਗਤੀ ਦਾ ਰੰਚਕ ਮਾਤਰ ਭੀ ਅਭਿਆਸ ਲੇਸ ਨ ਹੋਣ ਕਰਕੇ ਦੈਂਤ ਸੰਘਾਰੇ ਗਏ। ਦੈਂਤ ਬੁਧੀ ਵਾਲੇ ਦੇਵਤਿਆਂ ਰਿਸ਼ੀਆਂ ਮੁਨੀਆਂ ਦਾ ਭੀ ਇਹੋ ਹਾਲ ਹੋਵੇਗਾ। ਕਿਉਂ ਉਹ ਹੰਕਾਰ ਦੇ ਕਾਰਨ ਗੁਰਮਤਿ ਤੋਂ ਪਰੇਡੇ ਹੀ ਪਰੇਡੇ ਨਸਣਗੇ। ਨੇੜੇ ਆਉਣਗੇ ਤਾਂ ਉਹਨਾਂ ਦੇ ਉਧਾਰ ਦਾ ਕੋਈ ਹੀਲਾ ਬਣੇਗਾ।

ਗੱਲ ਕੀ, ਇਸ ਗੁਰਵਾਕ ਅੰਦਰ ਹੋਰ ਭੀ ਜਿਤਨੇ ਦੇਵ ਦਾਨਵਾਂ ਦਾ ਜ਼ਿਕਰ ਆਇਆ ਹੈ, ਓਹਨਾਂ ਸਭਨਾਂ ਦਾ ਗੁਰਮਤਿ ਤੋਂ ਵਾਂਞੇ ਰਹਿਣ ਕਰਕੇ ਬੁਰਾ ਹਾਲ ਹੋਵੇਗਾ ਤੇ ਬੁਰਾ ਹਾਲ ਰਹੇਗਾ। ਜਗਦੀਸ਼ ਵਾਹਿਗੁਰੂ ਪਰਮੇਸ਼ਰ ਦੀ ਓਹਨਾਂ ਉਤੇ ਨਦਰ ਮੇਹਰ ਜੇ ਨ ਹੋਈ ਤਾਂ ਉਹਨਾਂ ਦਾ ਰਖਵਾਲਾ ਇਸ ਦੁਰਦਸ਼ਾ ਚੋਂ ਕਢਣ ਲਈ ਕੋਈ ਨਹੀਂ ਬਣੇਗਾ। ਸਾਰ ਸਿੱਟਾ ਇਸ ਸ਼ਬਦ ਅੰਦਰ ਗੁਰੂ ਸਚੇ ਪਾਤਸ਼ਾਹ ਇਹੋ ਕਢਦੇ ਹਨ ਕਿ ਗੁਰੂ ਬਾਝਹੁ ਗਰਬ ਨਹੀਂ ਮੇਟਿਆ ਜਾਂਦਾ। ਗੁਰਮਤਿ ਦੁਆਰਾ ਵਾਹਿਗੁਰੂ ਦਾ ਨਾਮ ਜਪ ਕੇ ਸੱਚੇ ਧਰਮ ਅਤੇ ਸੱਚੇ ਧੀਰਜ ਦੀ ਪ੍ਰਾਪਤੀ ਹੁੰਦੀ ਹੈ। ਵਾਹਿਗੁਰੂ ਦਾ ਗੁਰਮਤਿ ਨਾਮ ਹੀ ਹੈ ਜੋ ਸੱਚੇ ਧਰਮ-ਧੀਰਜ ਨੂੰ ਪ੍ਰਾਪਤ ਕਰਾਵਨਹਾਰਾ ਹੈ। ਵਾਹਿਗੁਰੂ ਦੇ ਨਾਮ ਦੀ ਬਰਕਤ ਨਾਲ ਹੀ ਗੁਰਮਤਿ ਧਰਮ-ਧੀਰਜ ਦੀ ਪ੍ਰਾਪਤੀ ਹੁੰਦੀ ਹੈ। ਜਿਸ ਨੂੰ ਵਾਹਿਗੁਰੂ ਦਾ ਨਾਮ ਮਿਲ ਜਾਂਦਾ ਹੈ ਉਹੀ ਵਾਹਿਗੁਰੂ ਦਾ ਜਸ ਗਾਉਂਦਾ ਹੈ। ਨਾਮ-ਗੁਣ ਗੁਰੂ ਦੁਆਰਾ ਹੀ ਨਸੀਬ ਹੁੰਦੇ ਹਨ। ਤਾਂ ਤੇ ਗੁਰਮਤਿ ਦੇ ਦਰ ਤੋਂ ਬਿਨਾਂ ਕਲਿਆਣ ਹਰਗਿਜ਼ ਹਰਗਿਜ਼ ਕਿਸੇ ਵੀ ਵਡੇ ਤੋਂ ਵਡੇ ਵਡੇਰੇ ਆਨਮਤੀ ਆਗੂ ਨੇਤਾ ਦੀ ਨਹੀਂ ਹੋਈ। ਜਦ ਆਨਮਤੀ ਆਗੂਆਂ ਨੇਤਾਵਾਂ ਦਾ ਇਹ ਹਾਲ ਹੈ ਤਾਂ ਇਹਨਾਂ ਨੇਤਾਵਾਂ ਨੂੰ ਪੇਸ਼ਵਾ ਮੰਨਣਹਾਰੇ ਮੁਰੀਦਾਂ ਦਾ ਕੀ ਹਾਲ ਹੋਵੇਗਾ? ਬੜਾ ਹੀ ਦੁਰਗਤੀ ਭਰਿਆ ਮਾੜਾ ਮੰਦਾ ਹਾਲ ਰਹੇਗਾ।

**ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥ ਬੇਦ ਪੁਰਾਣ ਪੜੈ ਸੁਣਿ ਥਾਟਾ ॥**

**ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥੭ ॥੧੧ ॥**

**(ਗਉੜੀ ਮ: ੫, ਪੰਨਾ: ੨੨੬)**

ਜਿਨ੍ਹਾਂ ਨੇ ਬੇਦ ਪੁਰਾਣ ਸਿਮ੍ਰਿਤੀਆਂ ਆਦਿਕ ਪੋਥੀਆਂ ਨੂੰ ਪੜ੍ਹ ਪੜ੍ਹ ਕੇ, ਘੋਖ ਘੋਖ ਕੇ ਪਾਠ ਕੀਤੇ ਅਤੇ ਏਹਨਾਂ ਨੂੰ ਪੜ੍ਹ ਸੁਣ ਕੇ ਬਹੁ ਪ੍ਰਕਾਰੀ ਥਾਟ ਥਟਾਏ, ਬਣਾਵਟਾਂ ਬਣਾਈਆਂ, ਓਹਨਾਂ ਦਾ ਮਨ ਭਟਕਦਾ ਹੀ ਰਿਹਾ, ਕਿਉਂਕਿ ਉਹ ਗੁਰਮਤਿ ਨਾਮ ਦੀ ਪ੍ਰਾਪਤੀ ਬਿਨਾਂ ਸੱਚੇ ਰਸ ਵਿਚ ਰੱਤੇ ਹੀ ਨਹੀਂ ਗਏ। ਇਸ ਤੋਂ ਸਿਧ ਬੁਧੀ ਚੰਚਲ ਹੀ ਰਹਿੰਦੀ ਹੈ।

**ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ॥**

**ਬ੍ਰਹਮ ਕਮਲੁ ਪਇਆਲਿ ਨ ਪਾਇਆ ॥**

**ਆਗਿਆ ਨਹੀ ਲੀਨੀ ਭਰਮਿ ਭੁਲਾਇਆ ॥੧ ॥**

**ਜੋ ਉਪਜੈ ਸੋ ਕਾਲਿ ਸੰਘਾਰਿਆ ॥**

**ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥੧ ॥ਰਹਾਉ ॥**

**ਮਾਇਆ ਮੋਹੇ ਦੇਵੀ ਸਭਿ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥**

**ਓਹੁ ਅਬਿਨਾਸੀ ਅਲਖ ਅਭੇਵਾ ॥੨ ॥...**

**ਕਾਜੀ ਸੇਖ ਭੇਖ ਫਕੀਰਾ ॥ ਵਡੇ ਕਹਾਵਹਿ ਹਉਮੈ ਤਨਿ ਪੀਰਾ ॥**

**ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥੭ ॥੧੪ ॥**

**(ਗਉੜੀ ਮ: ੧, ਪੰਨਾ: ੨੨੭)**

ਗੁਰੂ ਦਸਮੇਸ਼ ਜੀ ਦੇ ਸਿਰੀ ਮੁਖ ਵਾਕ ਅਨੁਸਾਰ "ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸਿਵ ਜੂ ਅਵਤਰਾ ॥...੭ ॥" (ਕਬਿਯੋ ਬਾਚ ਬੇਨਤੀ ॥ ਚੌਪਈ) ਦੇ ਭਾਵ ਅਨੁਸਾਰ ਇਸ ਗੁਰਵਾਕ ਅੰਦਰਿ ਆਨਮਤਿ ਪਰਬੋਧਨੀ ਮਨਮਤਿ ਖੰਡੋਧਨੀ ਦ੍ਰਿਸ਼ ਦਰਸਾਇਆ ਗਿਆ ਹੈ।

"ਜੋ ਉਪਜੈ ਸੋ ਕਾਲਿ ਸੰਘਾਰਿਆ ॥"

ਦੇ ਭਾਵ ਵਾਲੀ ਗਤੀ ਗੁਰਮਤਿ ਤੋਂ ਹੀਣੇ, ਗੁਰ-ਸ਼ਬਦ-ਦੀਖਿਆ ਤੋਂ ਘੁੱਥੇ ਹੋਏ ਸਾਰੇ ਹੀ ਆਨਮਤੀ ਨੇਤਾਵਾਂ ਦੇ ਦੇਵਤਾਵਾਂ ਦੀ ਦੁਰਗਤੀ ਹੋਈ ਹੈ। ਓਹ ਤਾਂ ਅਧੋਗਤੀ ਦੀ ਸਫ ਵਿਚ ਹੀ ਲਪੇਟੇ ਗਏ। ਯਵਨ ਮਤ ਦੇ ਬੜੇ ਬਡੇਰੇ ਕਹਾਉਣ ਵਾਲੇ ਕਾਜ਼ੀਆਂ, ਸ਼ੇਖਾਂ ਅਤੇ ਭੇਖੀ ਫ਼ਕੀਰਾਂ ਦੀ ਭੀ ਇਹੋ ਦੁਰਗਤੀ ਹੋਈ ਹੈ। ਸੱਚੇ ਸਤਿਗੁਰ ਦੀ ਥਾਪਣਾ ਮਿਲੇ ਬਿਨਾਂ ਸਭੇ ਹੀ ਰਸਾਤਲ ਨੂੰ ਗਏ ਹਨ।

**ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ॥ ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥੧॥**

**(ਗਉੜੀ ਗੁਆਰੇਰੀ ਮ: ੩ ਅਸਟਪਦੀਆ, ਪੰਨਾ: ੨੨੯)**

ਗੁਰਮਤਿ ਨਾਮ ਬਿਨਾਂ ਕੋਈ ਭੀ ਮੁਕਤੀ ਨੂੰ ਪ੍ਰਾਪਤ ਨਹੀਂ ਹੋ ਸਕਦਾ। ਸ਼ਾਸਤ੍ਰਾਂ ਸਿਮ੍ਰਿਤੀਆਂ ਆਦਿਕ ਅਨਮਤੀ ਪੁਸਤਕਾਂ ਦੇ ਬਣਾਉਣ ਅਤੇ ਪੜ੍ਹਨਹਾਰਿਆਂ ਦੀ ਭੀ ਇਹੋ ਅਧੋਗਤੀ ਹੋਈ। ਅਛੀ ਤਰ੍ਹਾਂ ਘੋਖ ਕੇ ਸੋਧ ਕੇ ਠੋਕ ਬਜਾ ਕੇ ਦੇਖ ਲਓ, ਇਹ ਆਨਮਤੀ ਪੁਸਤਕਾਂ ਅਤੇ ਏਹਨਾਂ ਆਨਮਤੀ ਪੁਸਤਕਾਂ ਦੇ ਪੜ੍ਹਨ ਸੁਣਨਹਾਰਿਆਂ ਦੀ ਇਹੀ ਦੁਰਗਤੀ ਹੋਈ। ਹੋਣੀ ਹੀ ਸੀ, ਕਿਉਂਕਿ ਏਹਨਾਂ ਆਨਮਤ ਪੁਸਤਕਾਂ ਅੰਦਰ ਨਾਮ ਦਾ ਮੁਸ਼ਕ ਮਾਤਰ ਭੀ ਜ਼ਿਕਰ ਨਹੀਂ। ਨਾਮ ਹੀ ਸਭਨਾਂ ਦਾ ਨਿਸਤਾਰਕ ਹੈ। ਗੁਰਮਤਿ ਨਾਮ ਵਿਹੂਣੇ ਮੰਨੇ ਦੰਨੇ ਆਨਮਤੀਆਂ ਦੇ ਪੁਸਤਕ ਪੜ੍ਹਨ ਘੋਖਣਹਾਰੇ ਸਭੇ ਹੀ ਅਵਗਤਿ ਗਏ ਤੇ ਅਗੇ ਨੂੰ ਜਾਣਗੇ।

**ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥**
**ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥**
**ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥**
**ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ਰਹਾਉ ॥**
**ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥**
**ਪੜਿ ਵਾਦੁ ਵਾਖਣਹਿ ਸਿਰਿ ਮਾਰੇ ਜਮਕਾਲਾ ॥**
**ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥**
**ਮਨਮੁਖ ਅਗਿਆਨਿ ਕੁਮਾਰਗਿ ਪਾਏ ॥**
**ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥**
**ਭਵਜਲਿ ਡੂਬੇ ਦੂਜੈ ਭਾਏ ॥੩॥**
**ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥**
**ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥**
**ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥੪॥**

**(ਗਉੜੀ ਮ: ੩, ਪੰਨਾ: ੨੩੦-੩੧)**

ਇਸ ਗੁਰਵਾਕ ਅੰਦਰ ਸਪੱਸ਼ਟ ਹੀ ਆਨਮਤ ਖੰਡਨ ਬੜ੍ਹ ਚੜ੍ਹ ਕੇ ਪੂਰਤ ਹੈ। ਬੇਦਾਂ ਦੇ ਬਕਤੇ ਰਚਤੇ ਹੋਣ ਦਾ ਮੂਲ ਮੁਢ ਬ੍ਰਹਮਾ ਹੈ। ਏਹਨਾਂ ਵੇਦਾਂ ਅੰਦਰ ਮਾਇਆਵੀ ਤ੍ਰੈ ਗੁਣਾਂ ਰੂਪੀ ਭੰਗਾਰ ਦਾ ਵਿਸਥਾਰ ਹੀ ਭਰਿਆ ਪਿਆ ਹੈ। ਤ੍ਰੈ ਗੁਣਾਂ ਅੰਦਰ ਭਰਮਣਹਾਰਿਆਂ ਦੀ ਕਦੇ ਭੀ ਸਦ-ਗਤੀ ਨਹੀਂ ਹੋ ਸਕਦੀ। ਸੋ ਵਿਚਾਰੇ ਬੇਦ-ਅਭਿਆਸੀ ਬੇਦ-ਭਗਤ ਅਤੇ ਪੰਡਿਤ ਬ੍ਰਹਮਾ ਤਾਈਂ ਭੀ, ਸਭ ਭਰਮਦੇ ਹੀ ਫਿਰਦੇ ਰਹੇ। ਮਮਤਾ-ਮਈ ਮੋਹ ਪਿਆਸ ਦੇ ਦੁਬੈਲ ਹੋ ਕੇ ਫੋਕੇ ਦਮਗਜੇ ਹੀ ਮਾਰਦੇ ਰਹੇ। ਓਹਨਾਂ ਤੋਂ ਸਰਿਆ ਸੁਰਿਆ ਕੁਛ ਨਹੀਂ। ਸਤਿਗੁਰੂ ਦੇ ਮਿਲਾਪ ਬਾਝਹੁ ਏਹਨਾਂ ਬਿਦਤਾਂ ਤੋਂ ਰਖਸ਼ਾ ਕਿਸੇ ਦੀ ਭੀ ਨਹੀਂ ਹੋਈ, ਨ ਹੋਣੀ ਹੈ। ਸਤਿਗੁਰੂ ਦੀ ਸਿਖਸ਼ਾ ਦੇ ਮੰਨਣਹਾਰੇ ਗੁਰਸਿਖਾਂ ਸੇਵਕਾਂ ਦੀ ਸੁਤੇ ਸੁਭਾਵ ਹੀ ਰਖਸ਼ਾ ਹੋਈ ਮੰਨੀ ਪ੍ਰਮੰਨੀ ਗਈ ਹੈ। ਗੁਰੂ ਘਰ ਦੇ ਗੁਰਸਿਖਾਂ ਸੇਵਕਾਂ ਦੀ ਪਰਤੱਖ ਰਖਸ਼ਾ ਦੀ ਹਾਮੀ ਏਹਨਾਂ ਗੁਰ-ਪੰਗਤੀਆਂ ਤੋਂ ਸਾਫ਼ ਸਿਧ ਹੈ- "ਹਮ ਹਰਿ ਰਾਖੇ ਸਤਿਗੁਰੂ ਮਿਲਾਇਆ॥ ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ॥" ਜੋ ਜੋ ਭੀ ਗੁਰੂ ਦੇ ਸਿਖ ਹੋਏ, ਓਹ ਸਤਿਗੁਰੂ ਦੀ ਸਿਖਲਾਈ ਹੋਈ, ਗੁਰੂ ਤੋਂ ਮਿਲੀ ਹੋਈ ਗੁਰ-ਦੀਖਿਆ ਦੇ ਕਾਰਨ ਸਦਾ ਹੀ ਸਦਗਤੀ ਨੂੰ ਪ੍ਰਾਪਤਿ ਹੁੰਦੇ ਰਹੇ ਤੇ ਹੋਣਗੇ, ਕਿਉਂਕਿ ਹਰ ਦਮ ਓਹ ਗੁਰਮਤਿ ਨਾਮ ਦੇ ਦ੍ਰਿੜ੍ਹ ਹੋਣ ਕਰਕੇ ਭਾਉ ਭਗਤੀ ਵਿਚ ਹੀ ਓਹਨਾਂ ਦੀ ਬਿਰਤੀ ਅਸਥਿਰ ਰਹੀ ਅਤੇ ਸਦਾ ਰਹੇਗੀ। ਬ੍ਰਹਮਾ ਦੀ ਰਚੀ ਹੋਈ ਬੇਦ-ਬਾਣੀ ਤ੍ਰੈ-ਗੁਣਾਂ ਦੇ ਮਾਇਕ ਜੰਜਾਲ ਦਾ ਝਗੜਾ ਰਗੜਾ ਹੀ ਹੈ। ਏਹਨਾਂ ਦੇ ਪੜ੍ਹਨ ਸੁਣਨਹਾਰੇ ਬਾਦ ਬਿਬਾਦ ਦੀ ਖਲਜਗਣ ਵਿਚ ਰੁਝੇ ਰਹੇ ਤੇ ਰੁਝੇ ਰਹਿਣਗੇ। ਏਹਨਾਂ ਬਾਦ-ਬਿਬਾਦੀਆਂ ਦੇ ਸਿਰ ਤੇ ਜਮ ਦਾ ਡੰਡਾ ਵਜਦਾ ਹੀ ਰਹੇਗਾ। ਆਤਮ ਤੱਤ ਦਾ ਚੀਨਣਾ ਤਾਂ ਬੇਦਾਂ ਤੇ ਏਹਨਾਂ ਦੇ ਪੜ੍ਹਨਹਾਰਿਆਂ ਤੋਂ ਬਹੁਤ ਦੂਰ ਰਹਿ ਗਇਆ ਹੈ। ਏਹ ਫੋਕਟ ਫੂਸ ਪਰਾਲੀ ਦੀਆਂ ਪੰਡਾਂ ਹੀ ਚੁੱਕੀ ਫਿਰਦੇ ਰਹੇ ਹਨ ਤੇ ਚੁੱਕੀ ਫਿਰਦੇ ਰਹਿਣਗੇ। ਇਹ ਮਨਮੁਖੀ ਅਗਿਆਨੀ ਪੁਰਸ਼, ਏਹਨਾਂ ਦੀ ਕਰਮ ਗਤੀ ਅਨੁਸਾਰ ਕੁਮਾਰਗ ਪਾਏ ਹੋਏ ਕੁਮਾਰਗ ਹੀ ਪਏ ਰਹਿਣਗੇ। ਬੇਦਾਂ ਵਿਖੇ ਆਨਮਤੀ ਕਰਮ ਕਾਂਡ ਹੀ ਬਹੁਤ ਕਰਕੇ ਦ੍ਰਿੜ੍ਹਾਏ ਗਏ ਹਨ, ਨਾਮ ਉੱਕਾ ਹੀ ਵਿਸਾਰਿਆ ਗਿਆ ਹੈ। ਏਹਨਾਂ ਦੇ ਪੜ੍ਹਾਕੂਆਂ ਨੂੰ ਨਾਮ ਕਿਥੋਂ ਪ੍ਰਾਪਤ ਹੋ ਸਕਦਾ ਹੈ? ਬਸ, ਭਉਜਲ ਅੰਦਰ ਹੀ ਡੁਬਦੇ ਰਹਿਣਗੇ। ਨਿਰੀ ਦੂਜੇ ਭਾਇ ਦੀ ਵਿਦਿਆ ਹੀ ਵੇਦਾਂ ਅੰਦਰ ਭਰੀ ਹੋਈ ਹੋਣ ਕਰਕੇ ਇਸ ਦੂਜੇ ਭਾਇ ਦੇ ਡੂੰਘੇ ਖਾਤੇ ਵਿਚ ਹੀ ਗਰਕ ਰਹਿਣਗੇ। ਬਹੁਤ ਗਰਕੀ ਵਾਲੀ ਗੱਲ ਇਹ ਹੈ ਕਿ ਵੇਦਾਂ ਦੇ ਬਕਤੇ ਪਾਠੀ ਨਿਰੇ ਮਾਇਆ ਦੇ ਮੁਥਾਜ ਹੁੰਦੇ ਹੋਏ ਭੀ ਓਹ ਆਪਣੇ ਆਪ ਨੂੰ ਵੇਦ-ਬੇਤਾ ਪੰਡਿਤ ਕਹਾਉਣ ਵਿਚ ਬੜਾ ਫ਼ਖ਼ਰ ਸਮਝਦੇ ਹਨ। ਹਾਲਾਂਕਿ ਫ਼ਖ਼ਰ ਨਿਰਾ ਫੋਕਾ ਅਫਰੇਮਾ ਹੀ ਹੈ। ਮਾਇਆ ਦਾ ਮੁਥਾਜ ਪੰਡਿਤ ਕਹਾਉਣ ਵਾਲਾ ਪੁਰਸ਼ ਬਿਖਿਆ ਵਿਚ ਰੱਤਾ ਪੱਤਾ ਰਹਿਣ ਕਰਕੇ ਬਹੁ ਪ੍ਰਕਾਰੀ ਦੁਖ ਸਹਿੰਦਾ ਸਹਾਰਦਾ ਹੈ, ਅਣਹੋਈਆਂ ਸੱਟਾਂ ਖਾਂਦਾ ਹੈ। ਜਮ ਦੇ ਜੇਵੜੇ ਨਾਲ ਉਹ ਜਕੜਿਆ ਹੀ ਰਹਿੰਦਾ ਹੈ ਅਤੇ ਖਿਨ ਖਿਨ ਕਾਲ ਦਾ ਡਰ ਉਸ ਨੂੰ ਸਤਾਉਂਦਾ ਹੀ ਰਹਿੰਦਾ ਹੈ। ਇਸ ਬਿਧ ਉਹ ਮਿੰਟ ਮਿੰਟ ਦੀ ਮਉਤੇ ਮਰਦਾ ਰਹਿੰਦਾ ਹੈ:

**ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥**
**ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥੫॥**

**(ਗਉੜੀ ਮ: ੩, ਪੰਨਾ: ੨੩੧)**

ਹਿੰਦੂਆਂ ਦੀਆਂ ਆਨਮਤ ਪੁਸਤਕਾਂ ਵਿਚ ਨਿਰਾ ਵਾਦ ਵਿਵਾਦ ਮਈ ਫੂਸ ਪਰਾਲ ਹੀ ਭਰਿਆ ਪਿਆ ਹੈ। ਹੋਰ ਤਾਂ ਹੋਰ, ਵੇਦਾਂ ਵਿਚ ਭੀ ਇਹੋ ਕੁਛ ਹੈ। ਬ੍ਰਹਮਾ ਆਨਮਤੀ ਹਿੰਦੂਆਂ ਦਾ ਮੰਨਿਆ-ਪ੍ਰਮੰਨਿਆ ਦੇਵਤਾ ਸਾਰੀ ਉਮਰ ਵੇਦ ਪੜ੍ਹਦਾ ਰਿਹਾ ਤੇ ਵਾਦ ਹੀ ਵਖਾਣਦਾ ਰਿਹਾ। ਵੇਦਾਂ ਵਿਚ ਹੋਰ ਧਰਿਆ ਕੀ ਪਿਆ ਹੈ? ਸਗੋਂ ਵੇਦ ਪੜ੍ਹਦੇ ਪੜ੍ਹਦੇ, ਵਖਾਣਦੇ ਵਖਾਣਦੇ, ਉਸ ਦਾ ਤਮੋ ਗੁਣ (ਕ੍ਰੋਧ) ਰੂਪੀ ਤਾਮਸ ਪਿੱਤਾ ਹੀ ਵਧ ਗਿਆ। ਹੰਕਾਰ ਨਾਲ ਫੁਲ ਕੇ ਡੋਡਾ ਹੋ ਗਿਆ ਤੇ ਆਪੇ ਤੋਂ ਬਾਹਰ ਹੋ ਗਿਆ। ਆਪਾ ਪਛਾਨਣਾ ਤਾਂ ਕੀ ਸੀ, ਆਪਾ ਭੁਲ ਹੀ ਗਿਆ। ਵਾਹਿਗੁਰੂ ਦੀ ਪ੍ਰਾਪਤੀ ਲਈ ਬੇਦਾਂ ਦਾ ਪੜ੍ਹਨਾ ਵਖਾਨਣਾ ਬਿਲਕੁਲ ਫ਼ਜ਼ੂਲ ਹੈ। ਵਾਹਿਗੁਰੂ ਦੀ ਪ੍ਰਾਪਤੀ ਕਰਨ ਲਈ ਕੇਵਲ ਗੁਰਮਤਿ ਹੀ ਸਹਾਈ ਹੋ ਸਕਦੀ ਹੈ। ਗੁਰਮਤਿ ਗੁਰਬਾਣੀ ਅੰਦਰ ਰਵਿਆ ਹੋਇਆ ਗੁਰਮਤਿ ਗੁਰ-ਸਬਦ ਵਖਾਣਿਆ, ਸੁਆਸ ਸੁਆਸ ਅਭਿਆਸਿਆ ਜਾਵੇ। ਗੁਰੂ ਤੋਂ ਦੀਖਿਆ ਲੈ ਕੇ ਅਭਿਆਸਿਆ ਜਾਵੇ ਤਦ ਵਾਹਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ। ਬ੍ਰਹਮਾ ਭੀ ਜੇ ਪੂਰਨ ਗੁਰਸਿਖ ਗੁਰੂ ਦਾ ਸੇਵਕ, ਗੁਰੂ ਸ਼ਬਦ ਅਭਿਆਸੀ ਹੋ ਜਾਵੇ ਤਦ ਹੀ ਪ੍ਰਮਾਰਥ ਦੇ ਸੱਚੇ ਮਾਰਗ ਨੂੰ ਪ੍ਰਾਪਤ ਹੋ ਸਕਦਾ ਹੈ, ਨਹੀਂ ਤਾਂ ਭਾਵੇਂ ਜੁਗਾਂ ਪਰਯੰਤ ਵੇਦਾਂ ਨਾਲ ਟੱਕਰਾਂ ਮਾਰੀ ਜਾਵੇ, ਕੁਝ ਨਹੀਂ ਬਣੇਗਾ।

(... ਬਾਕੀ ਅਗਲੇ ਅੰਕ 'ਚ)

# ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਪੰਥ




**ਪ੍ਰੋ. ਪੂਰਨ ਸਿੰਘ ਜੀ**

**ਇਸ ਪੰਥ ਦੀ ਰੰਗ ਰੱਤੜੀ ਹਸਤੀ ਬਾਣੀ ਨਾਲ ਜੁੜੀ, ਪਿਆਰ ਵਿਗੁਤੀ, ਸ਼ਕਤੀਸ਼ਾਲੀ ਅਤੇ ਨਿਮਰ, ਨਿਰਭੈ, ਮੌਤ ਨੂੰ ਮਖੌਲਾਂ ਕਰਦੀ, ਮੌਤ ਨੂੰ ਜੱਫੀਆਂ ਪਾਉਂਦੀ, ਮਾਲਕ ਦੇ ਨਾਂ ਤੋਂ ਸਦਾ ਨਿਰਸਵਾਰਥ ਜਾਨ ਵਾਰ ਦਿੰਦੀ, ਸ਼ਮ੍ਹਾਂ ਦੁਆਲੇ ਪਰਵਾਨੇ ਵਾਂਗ ਸੜ ਉਠਦੀ, ਨਾਇਕਾਂ ਵਾਂਗ ਜਿਊਂਦੀ, ਚੰਦਰ ਮੰਡਲ ਵਾਂਗ ਚਮਕਦੀ, ਮਸਤੀ ਭਰੀ, ਹਰ ਸਮੇਂ ਮਿਠਤ ਹੁਲਸਾਈ, ਜੀਵਨ ਦੇ ਗ਼ਮਾਂ ਤੋਂ ਉਪਰ ਉਠੀ, ਸਰਬੱਤ ਦਾ ਭਲਾ ਮੰਗਦੀ ਅਤੇ ਨਿਸ਼ਕਾਮ ਵਿਚਰਦੀ ਹੈ, ਛੁਟ ਉਸ ਦੇ ਨਾਮ ਜਪਣ ਤੋਂ। ਸਵਾਸ ਸਵਾਸ ਨਾਮ ਜਪਣਾ, ਸੱਚਾਈ ਹੈ, ਨਿੱਜੀ ਸੱਚਾਈ ਅਤੇ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਲਈ ਸੰਪੂਰਨ ਸੱਚਾਈ।**

ਇਹ ਪੰਥ ਗੁਰੂ ਗੋਬਿੰਦ ਸਿੰਘ ਨੇ ਸਾਜਿਆ। ਇਹ ਉਨ੍ਹਾਂ ਅਣਖੀ ਸੂਰਮਿਆਂ ਦਾ ਪੰਥ ਹੈ ਜਿਹੜੇ ਨਾਮ ਅਤੇ ਸਿਮਰਨ ਵਾਲਾ ਅੰਤਰਮੁਖੀ ਜੀਵਨ ਜਿਊਂਦੇ ਹਨ। ਉਹ, ਉਹ ਹਨ ਜਿਨ੍ਹਾਂ ਦੀ ਮੌਜੂਦਗੀ ਸ਼ਾਂਤ-ਅੰਮ੍ਰਿਤ ਨਾਲ ਦੁਆਲਾ ਰੰਗ ਦਿੰਦੀ ਹੈ। ਉਹ ਨਾ ਹੀ ਰਾਜ ਚਾਹੁੰਦੇ ਹਨ ਅਤੇ ਨਾ ਹੀ ਮੁਕਤੀ, ਕੇਵਲ 'ਮਨ ਪ੍ਰੀਤ ਚਰਨ ਕਮਲਾਰੇ' ਦੇ ਧਾਰਣੀ ਹਨ। ਨਾ ਹੀ ਉਹ ਯੋਗ ਰੱਹਸ-ਪੂਰਨ ਅਤੇ ਨਾ ਹੀ ਭੋਗ ਦੀ ਵਾਸ਼ਨਾ ਪੂਰਨ ਖ਼ੁਸ਼ੀ ਦੇ ਇੱਛੁਕ ਹਨ, ਉਹ ਤਾਂ ਕੇਵਲ ਉਸ ਦਾ ਪਿਆਰ ਅੰਮ੍ਰਿਤ ਮੰਗਦੇ ਹਨ, ਉਸ ਦੀ ਬਾਣੀ ਦੀ ਸ਼ਬਨਮ ਦੇ ਛਲਕਦੇ ਜਾਮ। ਉਹ ਜੀਵਨ ਦੇ ਦਾਰਸ਼ਨਿਕ ਗ਼ਮਾਂ ਨਾਲ ਭਰੇ ਪੀਤੇ ਪਏ ਹਨ ਅਤੇ ਉਹ ਆਪਣੀ ਪਿਆਸ ਅਤੇ ਸਭ ਦੁਖੀਆਂ ਦੀ ਪਿਆਸ ਬੁਝਾਉਣ ਲਈ ਬੰਬੀਹੇ ਵਾਂਗ ਸਵਾਂਤੀ ਬੂੰਦ ਨੂੰ ਟੇਰਦੇ ਹਨ। ਮਹਿਬੂਬ ਦਾ ਨਾਮ ਜਪਣ ਨਾਲ ਹੀ ਉਹ ਇਸ ਰੂਹਾਨੀ ਸਥਿਤੀ ਨੂੰ ਕਾਇਮ ਰੱਖ ਸਕਦੇ ਹਨ ਅਤੇ ਕਿਉਂਕਿ ਉਨ੍ਹਾਂ ਦੀ ਇਹ ਪਿਆਸ ਅਸੀਮ ਹੈ ਅਤੇ ਜਾਪ, ਪੰਛੀਆਂ ਦੀ ਨਿਰੰਤਰ ਕੂਕ ਵਰਗਾ। ਰੂਹਾਨੀ ਮਰਦਾਨਗੀ ਦਾ ਭੇਦ ਮਹਿਬੂਬ ਪ੍ਰਤੀ ਵਿਗਸਿਆ ਪਿਆਰ ਹੈ ਅਤੇ ਇਹ ਪਿਆਰ ਗੁਰੂ ਬਾਣੀ ਦੇ ਨਿਰੰਤਰ ਪਾਠ ਅਤੇ ਗੁਰੂ ਦਾ ਨਾਮ ਜਪਣ ਵਿਚ ਹੈ।

ਇਸ ਪੰਥ ਦੀ ਰੰਗ ਰੱਤੜੀ ਹਸਤੀ ਬਾਣੀ ਨਾਲ ਜੁੜੀ, ਪਿਆਰ ਵਿਗੁਤੀ, ਸ਼ਕਤੀਸ਼ਾਲੀ ਅਤੇ ਨਿਮਰ, ਨਿਰਭੈ, ਮੌਤ ਨੂੰ ਮਖੌਲਾਂ ਕਰਦੀ, ਮੌਤ ਨੂੰ ਜੱਫੀਆਂ ਪਾਉਂਦੀ, ਮਾਲਕ ਦੇ ਨਾਂ ਤੋਂ ਸਦਾ ਨਿਰਸਵਾਰਥ ਜਾਨ ਵਾਰ ਦਿੰਦੀ, ਸ਼ਮ੍ਹਾਂ ਦੁਆਲੇ ਪਰਵਾਨੇ ਵਾਂਗ ਸੜ ਉਠਦੀ, ਨਾਇਕਾਂ ਵਾਂਗ ਜਿਊਂਦੀ, ਚੰਦਰ ਮੰਡਲ ਵਾਂਗ ਚਮਕਦੀ, ਮਸਤੀ ਭਰੀ, ਹਰ ਸਮੇਂ ਮਿਠਤ ਹੁਲਸਾਈ, ਜੀਵਨ ਦੇ ਗ਼ਮਾਂ ਤੋਂ ਉਪਰ ਉਠੀ, ਸਰਬੱਤ ਦਾ ਭਲਾ ਮੰਗਦੀ ਅਤੇ ਨਿਸ਼ਕਾਮ ਵਿਚਰਦੀ ਹੈ, ਛੁਟ ਉਸ ਦੇ ਨਾਮ ਜਪਣ ਤੋਂ। ਸਵਾਸ ਸਵਾਸ ਨਾਮ ਜਪਣਾ, ਸੱਚਾਈ ਹੈ, ਨਿੱਜੀ ਸੱਚਾਈ ਅਤੇ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਲਈ ਸੰਪੂਰਨ ਸੱਚਾਈ।

ਜਿਵੇਂ ਕਿ ਗੁਰੂ ਸਾਹਿਬਾਂ ਫ਼ਰਮਾਇਆ ਹੈ, ਅਜਿਹੀ ਅਗੰਮੀ ਹਸਤੀ ਦੀ ਪਛਾਣ, ਜੋ ਰੱਬ ਵਾਂਗ ਨਿਰਾਕਾਰ ਹੈ, ਮਨ ਮੰਦਰ ਵਿਚ, ਨਾਮ ਦੀ ਜੋਤ, ਜੀਵਨ ਸ਼ਮ੍ਹਾਂ ਨੂੰ ਸਦਾ ਬਲਦਿਆਂ ਰੱਖਣ ਨਾਲ ਹੁੰਦੀ ਹੈ। ਜਿਸ ਦੇ ਮਨ ਮੰਦਰ ਵਿਚ ਅਜਿਹੀ ਸ਼ਮ੍ਹਾਂ ਨਿਸਬਾਸਰ ਬਲਦੀ ਰਹੇ, ਉਹ ਸੱਚਾ ਖ਼ਾਲਸਾ ਹੈ।

ਉਸ ਜੋਤ ਦਾ ਚਿੰਨ੍ਹਾਤਮਕ ਪ੍ਰਗਟਾਵਾ ਨਾਮ ਜਪਣਾ ਹੈ। ਮਨੁੱਖ ਦੇ ਸਵਾਸ ਉਸ ਨਾਲ ਗੂੰਜਦੇ ਹਨ ਅਤੇ ਰੋਮ-ਰੋਮ ਵਿਚ ਉਸ ਦਾ ਅੰਮ੍ਰਿਤ ਭਰਿਆ ਪਿਆ ਹੈ। ਉਪਰਲੀਆਂ ਪਿਪਣੀਆਂ ਹੇਠ ਅੱਖਾਂ ਉਪਰ ਵੱਲ ਅੱਧ ਤੱਕ ਪੁੱਜ ਜਾਂਦੀਆਂ ਹਨ, ਮੱਥਾ ਅੰਮ੍ਰਿਤ ਭਿੰਨਾ ਹੋ ਜਾਂਦਾ ਹੈ, ਜਿਵੇਂ ਕਿ ਉਹ ਕੋਈ ਸੋਮਾ ਹੋਵੇ ਅਤੇ ਹਜ਼ਾਰਾਂ ਸਾਫ਼ ਚਸ਼ਮੇ ਇਸ ਹਿਮਾਲੀਆ ਵਿਚੋਂ ਹੇਠਾਂ ਨੂੰ ਵਹਿ ਰਹੇ ਹੋਣ, ਜੋ ਕੇਵਲ ਇਕ ਮਨੁੱਖ ਦੀ ਧਰਤ ਨੂੰ ਜ਼ਰਖੇਜ਼ ਨਹੀਂ ਕਰਦੇ, ਸਗੋਂ ਉਨ੍ਹਾਂ ਸਾਰਿਆਂ ਦੀ ਨੂੰ, ਜੋ ਉਸ ਦੀ ਜ਼ਦ ਵਿਚ ਆਉਂਦੇ ਹਨ। ਖ਼ਾਲਸਾ ਕਿਸੇ ਝੀਲ, ਸੋਮੇ, ਦਰਿਆ ਵਾਂਗ ਸੁਤੇ ਸਿੱਧ ਵਿਸ਼ਵ-ਵਿਆਪੀ ਸਦ-ਭਾਵਨਾ, ਸ਼ਾਂਤ ਅਤੇ ਪਿਆਰ ਦੀਆਂ

ਝਲਕਾਂ ਮਾਰਨ ਲੱਗ ਪੈਂਦਾ ਹੈ। ਚਾਰੇ ਪਾਸੇ ਚਟਾਕ ਚਾਨਣਾ ਹੋ ਜਾਂਦਾ ਹੈ, ਕੋਈ ਭੂਤ-ਪ੍ਰੇਤ ਜਾਂ ਭੈੜੀ ਰੂਹ ਅਜਿਹੀ ਹਸਤੀ ਦੇ ਨੇੜੇ ਨਹੀਂ ਫਟਕ ਸਕਦੀ।

ਉਨ੍ਹਾਂ ਦਾ ਨੀਤੀ-ਸ਼ਾਸਤਰ ਕਿਤਾਬੀ ਨਹੀਂ, ਅਲਜਬਰੇ ਦੇ ਫਾਰਮੂਲਿਆਂ ਦਾ ਵੀ ਨਹੀਂ, ਅਖੌਤੀ ਇਖ਼ਲਾਕੀ ਜਾਂ ਗ਼ੈਰ-ਇਖ਼ਲਾਕੀ ਕਰਨੀ ਨੂੰ ਚਤੁਰਾਈ ਨਾਲ ਸਿੱਧ ਕਰਨ ਦਾ ਵੀ ਨਹੀਂ। ਉਹ ਆਪਣੇ ਪਵਿੱਤਰ ਨਿਸ਼ਕਾਮਤਾ ਕਾਰਨ ਕੁਦਰਤ ਦੀ ਰੂਹ ਨਾਲ ਇਕ ਸੁਰ ਹਨ। ਉਹ ਪਰਬਤ ਹਨ, ਦਰਿਆ ਹਨ, ਬੱਦਲ ਹਨ ਅਤੇ ਫੁੱਲ ਹਨ। ਜਿੱਥੇ ਵੀ ਕੋਈ ਗੁਲਾਬ ਦਾ ਫੁੱਲ ਹੈ, ਉਹ ਖ਼ੁਸ਼ਬੂ ਆਲੇ-ਦੁਆਲੇ ਆਪਣੇ ਆਪ ਖਲੇਰ ਦਿੰਦਾ ਹੈ। ਖ਼ਾਲਸਾ ਆਪਣੀ ਰੂਹਾਨੀ ਮਿਠਤ ਨੂੰ ਧਰਤੀ ਦੇ ਜਿਸ ਕੋਨੇ 'ਤੇ ਵੀ ਹੋਵੇ, ਵੰਡ ਹੀ ਨਹੀਂ ਦਿੰਦਾ, ਸਗੋਂ ਉਹ ਤਾਂ ਆਪਣੇ ਆਪ ਨਿਕਲ-ਨਿਕਲ ਪੈਂਦੀ ਹੈ, ਇਕ ਜ਼ੋਰਦਾਰ ਸੁਹਿਰਦਤਾ ਨਾਲ। ਉਹ ਸਦਾ ਦਇਆ ਦਾ ਸ਼ਹਿਜ਼ਾਦਾ ਹੈ।

ਗੁਰੂ ਅਮਰਦਾਸ ਕਿਸੇ ਵਿਧਵਾ ਦੇ, ਉਸ ਦੇ ਪਤੀ ਦੇ ਸਵਰਗਵਾਸ ਹੋਣ 'ਤੇ ਪਾਏ ਕੀਰਨੇ ਅਤੇ ਕਿਸੇ ਮਾਂ ਦਾ ਆਪਣੇ ਪੁੱਤਰ ਦੀ ਮੌਤ 'ਤੇ ਕੀਤਾ ਵਿਰਲਾਪ ਨਹੀਂ ਸੁਣ ਸਕਦੇ। ਇਸ ਤਰ੍ਹਾਂ ਹੋਇਆ ਕਿ ਮਾਲਕ ਦੇ ਨਿਵਾਸ ਸਥਾਨ, ਗੋਇੰਦਵਾਲ ਵਿਚ ਉਨ੍ਹਾਂ ਨੇ ਜੀਵਨ ਭਰ ਦੇ ਸਮੇਂ ਦੇ ਦੌਰਾਨ ਅਜਿਹੀ ਕੋਈ ਦੁਰਘਟਨਾ ਨਹੀਂ ਹੋਈ। ਗੁਰੂ ਤੇਗ਼ ਬਹਾਦਰ ਮਨੁੱਖੀ ਦੁੱਖਾਂ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ ਉਨ੍ਹਾਂ ਦੀ ਬਾਣੀ ਅਥਰੂ ਭਿਜੀ, ਅਸੀਮ ਵੈਰਾਗਮਈ ਹੈ, ਜੋ ਉਸ ਨਾਲ ਦੁਖੀ ਮਨੁੱਖ ਨੂੰ ਖ਼ੁਸ਼ੀ ਅਤੇ ਮੁਕਤੀ ਮਿਲ ਸਕੇ। ਗੁਰੂ ਗੋਬਿੰਦ ਸਿੰਘ ਦਾ ਭਾਰਤ ਦੇ ਗ਼ੁਲਾਮਾਂ ਪ੍ਰਤੀ ਭਰਮ ਭਾਵਨਾ ਕਾਰਨ ਤਿਆਗ ਵੀ ਅਸੀਮ ਹੈ। ਉਹ ਤਾਂ ਦੁਖੀਆਂ ਦੀ ਹਾਲਤ ਨੂੰ ਸੁਧਾਰਨ ਲਈ ਆਪਣੇ ਰੱਬ ਦੀ ਵੀ ਕੁਰਬਾਨੀ ਦੇ ਦਿੰਦਾ ਹੈ। ਦਸ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਅਤੇ ਆਪਣੇ ਵਡਿਕਿਆਂ ਦੀ ਰੂਹਾਨੀ ਵਿਰਾਸਤ ਤੋਂ ਮਿਲਦੀ ਪ੍ਰੇਰਨਾ ਅਨੁਸਾਰ ਖ਼ਾਲਸਾ ਉਹ ਹੈ, ਜੋ ਉਤਸ਼ਾਹ ਦੀ ਮਸ਼ਾਲ ਜਲਾਈ ਰੱਖਦਾ ਹੈ, ਕਿਸੇ ਸੰਕਲਪ ਖ਼ਾਤਰ ਨਹੀਂ, ਕਿਸੇ ਲਾਭ ਖ਼ਾਤਰ ਨਹੀਂ, ਸਗੋਂ ਗੁਰੂ ਗੋਬਿੰਦ ਸਿੰਘ ਦੇ ਹੁਕਮ ਦੀ ਪਾਲਣਾ ਵਿਚ ਅਤੇ ਸਹਿਜੇ ਉਸ ਦੇ ਨਾਮ ਸਿਮਰਨ ਵਿਚ ਜੁੜਿਆ ਰਹਿੰਦਾ ਹੈ। ਖ਼ਾਲਸਾ ਆਪਣੀ ਰੂਹ ਦੇ ਟਾਂਗੇ ਦਾ ਕੋਚਵਾਨ ਹੈ। ਜਦੋਂ ਸਿਮਰਨ ਦੀ ਜੋਤ ਜਗਦੀ ਹੈ, ਸਿੱਖ ਮਰ ਜਾਂਦਾ ਹੈ। ਜਿਵੇਂ ਰੁੱਖ ਨੂੰ ਬੂਰ ਪੈਂਦਾ ਹੈ, ਉਸ ਤਰ੍ਹਾਂ ਸਿੱਖ ਨਾਮ ਅਤੇ ਸਿਮਰਨ ਦੀ ਖ਼ੁਸ਼ੀ ਨਾਲ ਖੇੜੇ 'ਤੇ ਆ ਜਾਂਦਾ ਹੈ। ਜਿਵੇਂ ਰੁੱਖ ਚਲਦੀ ਹਵਾ ਨੂੰ ਆਪਣੀ ਉਤਮ ਵਸਤੂ ਦੇ ਦਿੰਦਾ ਹੈ, ਇਸ ਤਰ੍ਹਾਂ ਸਿੱਖ ਸਭ ਨੂੰ ਸਰਵਸਵ ਦੇ ਦਿੰਦਾ ਹੈ। ਮੇਰੀ ਅਧਿਆਤਮਿਕ ਕਰਨੀ ਲਈ, ਮੈਂ ਨਹੀਂ, ਉਹ ਜ਼ਿੰਮੇਵਾਰ ਹੈ, ਜੋ ਬਸੰਤ ਸਮੇਂ ਹਰ ਰੁੱਖ 'ਤੇ ਜੋਬਨ ਲੈ ਆਉਂਦਾ ਹੈ, ਜੋ ਸਾਰਿਆਂ ਨੂੰ ਚਮਕ ਬਖ਼ਸ਼ਦਾ ਹੈ। ਮੈਂ ਜੀਵਨ ਭੇਦ ਪਾ ਲਿਆ ਹੈ ਅਤੇ ਮੈਂ ਆਪਣੇ ਆਪ ਨੂੰ ਬੱਦਲ ਦੀ ਟੁਕੜੀ ਵਾਂਗ ਰੱਖਦਾ ਹਾਂ, ਉਸ ਦੇ ਆਦੇਸ਼ ਵਿਚ ਵੱਸ ਪੈਂਦਾ ਹਾਂ, ਬਿਜਲੀ ਬਣ ਚਮਕ ਪੈਂਦਾ ਹਾਂ। ਮੇਰੀ ਕਰਨੀ ਮੇਰੇ ਜਜ਼ਬਾਤ ਦੀ ਮੂੰਹ ਬੋਲਦੀ ਤਸਵੀਰ ਹੈ, ਅਜਿਹੀ ਉਸ ਦੀ ਖ਼ੁਸ਼ੀ ਹੈ। ਸਾਰੇ ਕਾਰਜ, ਮੇਰੇ ਲਈ, ਉਸੇ ਸੁਪਨਮਈ ਲੈਅ ਵਿਚ ਸੈਟ ਹਨ, ਅਜਿਹੀ ਉਸ ਦੀ ਰਜ਼ਾ ਹੈ।

ਸੰਸਾਰ ਦੇ ਸੱਚ ਮੇਰੇ ਲਈ ਝੂਠ ਹਨ, ਉਨ੍ਹਾਂ ਲਈ ਨਿਰ-ਵਿਵਾਦ, ਹਨੇਰੇ ਦੇ ਵਿਚਾਰ ਹਨ-ਗੈਰ-ਹਕੀਕੀ, ਭੂਤਾਂ ਵਰਗੇ, ਜਿਨ੍ਹਾਂ ਦੀ ਛਾਇਆ ਤੋਂ ਵੀ ਮੈਨੂੰ ਡਰ ਲੱਗਦਾ ਹੈ ਅਤੇ ਜਿਨ੍ਹਾਂ ਤੋਂ ਮੈਂ ਦੂਰ ਭੱਜਦਾ ਹਾਂ। ਮੇਰੇ ਪੰਥ ਦੇ ਤਾਂ ਮਨੁੱਖਤਾ ਦੇ ਇਤਿਹਾਸ ਵਿਚ ਵਿਰਲੇ ਹੀ ਹਨ ਜਿਹੜੇ ਆਪਣੇ ਆਪ ਨੂੰ ਖ਼ਾਲਸਾ ਅਖਵਾਉਂਦੇ ਹਨ ਪਰ ਅੰਦਰੋਂ ਰੂਹਾਨੀ ਤੌਰ 'ਤੇ, ਨਿਯਤਨ, ਇਲਹਾਮੀ ਹਨ ਅਤੇ ਅਚੇਤ ਤੌਰ 'ਤੇ ਗੁਰੂ ਦੇ ਨਹੀਂ ਹਨ, ਦਾ ਨਾਂ ਸੂਚੀ ਵਿਚੋਂ ਕੱਟ ਦਿੱਤਾ ਗਿਆ ਹੈ। ਉਨ੍ਹਾਂ ਸਾਰਿਆਂ ਨੂੰ ਜਿਨ੍ਹਾਂ ਨੂੰ ਰੂਹਾਨੀ ਜੀਵਨ ਦੀ ਖ਼ਾਲਸੇ ਵਾਲੀ ਸਥਿਤੀ ਪ੍ਰਾਪਤ ਹੈ, ਹੀ ਗੁਰੂ ਗੋਬਿੰਦ ਸਿੰਘ ਦੇ ਘਰ ਵਿਚ ਥਾਂ ਮਿਲਦੀ ਹੈ ਅਤੇ ਉਹ ਸਾਡੇ ਹਨ। ਪੰਥ ਦਾ ਪਸਾਰਾ, ਹਵਾ, ਪਾਣੀ, ਅੱਗ, ਬੱਦਲਾਂ, ਸੂਰਜ ਅਤੇ ਤਾਰਿਆਂ ਵਿਚ ਹੈ। ਮੈਂ ਇਸ ਪਵਿੱਤਰ ਗੁਪਤ ਪੰਥ ਦੀ ਜੈ-ਜੈਕਾਰ, ਫੁੱਲਾਂ ਦੀਆਂ ਪੱਤੀਆਂ, ਪ੍ਰਕਿਰਤਕ ਨਜ਼ਾਰਿਆਂ ਦੀ ਸੁੰਦਰਤਾ ਤੋਂ ਘੜੇ ਸੰਗੀਤ ਰੂਪੀ ਬੁੱਤਾਂ ਤੋਂ ਸੁਣਦਾ ਹਾਂ। ਬੱਦਲ ਮੇਰੇ ਨਾਲ ਹਮਦਰਦੀ ਕਰਦਾ ਹੈ ਅਤੇ ਸੂਰਜ ਦਾ ਮੇਰੇ ਪ੍ਰਤੀ ਪਿਆਰ ਅਸੀਮ ਅਤੇ ਬਿਨਾਂ ਕਿਸੇ ਸ਼ਰਤ ਤੋਂ ਹੈ। ਮਰਦਾਂ ਅਤੇ ਇਸਤ੍ਰੀਆਂ ਦੀ ਸੰਗਤ ਵਿਚ ਇਕ ਵਡੱਪਣ ਹੈ, ਇਕ ਨਾਦਰ ਝਲਕਾਰਾ, ਜੋ ਕਿਸੇ ਇਕੱਲੇ ਵਿਚ ਨਹੀਂ, ਇਕ ਚਮਕਾਰ ਬੱਦਲਾਂ ਦੇ ਇਕੱਠ ਵਿਚੋਂ ਨਿਕਲਣ ਵਾਂਗ ਲੋਕਾਂ ਦੀ ਸੰਗਤ ਵਿਚੋਂ ਨਿਕਲਦੀ ਹੈ। ਇਨ੍ਹਾਂ ਸਾਰਿਆਂ ਵਿਚ ਮਾਲਕ ਦੀ ਚਮਕਾਂ ਮਾਰਦੀ ਕਲਗ਼ੀ ਦੀ ਚਮਕ ਹੈ, ਜੋ ਉਹ ਲਾਉਂਦਾ ਹੈ ਅਤੇ ਨੀਲੇ ਘੋੜੇ 'ਤੇ ਚੜ੍ਹਿਆ ਖ਼ਾਲਸੇ ਦੇ, ਸਿੱਖਾਂ ਦੇ ਘਰੀਂ ਜਾਂਦਾ ਹੈ।

ਭਾਈ ਵੀਰ ਸਿੰਘ ਜੀ ਦੇ ਸ਼ਬਦਾਂ ਵਿਚ, ਇਸ ਪੰਥ ਦੇ ਸਿਧਾਂਤ ਇਨ੍ਹਾਂ ਪੰਜ ਸ਼ਬਦਾਂ ਵਿਚ ਨਿਹਤ ਹਨ- ਨਾਮ, ਦਾਨ, ਇਸ਼ਨਾਨ, ਕਿਰਤ ਕਰਨਾ ਅਤੇ ਵੰਡ ਛਕਣਾ।

**ਨਾਮ** : ਉਸ ਦਾ ਨਾਮ ਜਪਣਾ, ਹਸਤੀ ਦਾ ਰਹੱਸ, ਜਿਸ ਦਾ ਕੋਈ ਨਿੱਜੀ ਮਨੋਰਥ, ਇੱਛਾ ਜਾਂ ਖ਼ੁਦਗ਼ਰਜ਼ੀ ਨਹੀਂ।

ਪਿਆਰ ਨਾਲ ਸੁਆਰਥ ਤੋਂ ਉਤਾਂਹ ਉਠਿਆ ਜਾ ਸਕਦਾ ਹੈ। ਇਸ ਲਈ ਉਸ ਵਿਚ ਰਹਿਣ, ਉਸ ਦਾ ਜਾਪ ਜਪਣ, ਉਸ ਵਿਚ ਫਨਾਹ ਹੋ ਜਾਣ, ਉਸ ਦੇ ਪਿਆਰ ਵਿਚ, ਮਨੁੱਖ ਉਹ ਸਾਹਸ ਪ੍ਰਾਪਤ ਕਰਦਾ ਹੈ, ਜੋ ਸਦਾ ਅਗੰਮੀ ਹੈ ਅਤੇ ਨਿਰ-ਸੁਆਰਥ ਹੈ। ਰੂਹ ਦੀ ਅਸਲੀ ਪ੍ਰਕਿਰਤੀ ਨਿਸ਼ਕਾਮਤਾ ਹੈ। ਨਾਮ ਰਾਹੀਂ ਪਹਿਲਾਂ ਆਪਣੇ ਆਪ ਦੀ ਪਛਾਣ ਇਸ ਪੰਥ ਦਾ ਜੀਵਨ ਹੈ। ਇਸ ਤਰ੍ਹਾਂ ਇਸ ਸੰਘਰਸ਼ਮਈ ਭੌਤਿਕ ਸੰਸਾਰ ਵਿਚ ਸਰੀਰਕ ਉਦਮ ਰਾਹੀਂ ਰੂਹਾਨੀ ਪ੍ਰਵਿਰਤੀ ਨੂੰ ਬਣਾਈ ਰੱਖਣਾ ਹੈ।

**ਦਾਨ ਦੇਣਾ** : ਆਪਣਾ ਸਭ ਕੁਝ ਦੇ ਦੇਣਾ, ਕੁਦਰਤੀ ਹਮਦਰਦੀ ਕਾਰਨ, ਜੀਵਨ ਪ੍ਰਤੀ ਅਸੀਮ ਫ਼ਲਸਫ਼ੀਆਨਾ ਵੈਰਾਗ ਵਿਚ ਅਤੇ ਅਸੀਮ ਵਿਚ ਪਰੰਤੂ ਚੁੱਪ ਚਾਪ ਬਿਨਾਂ ਧੱਕੇ, ਬਿਨਾਂ ਜਬਰ, ਫੁੱਲ ਜਾਂ ਦਰਿਆ ਵਾਂਗ ਮਨੁੱਖਤਾ ਦੀ ਭਲਾਈ ਦੇ ਚਾਓ ਨਾਲ। ਇਹ ਉਚਿਆਏ ਜੀਵਨ ਦੀ ਹੀ ਪ੍ਰਵਿਰਤੀ ਹੈ ਜੋ ਬਿਨਾਂ ਜਾਣੇ ਦਿੰਦੀ ਹੈ। ਜਿਵੇਂ ਗਰਮ ਪਦਾਰਥ ਦੁਆਲੇ ਦੇ ਠੰਡਿਆਂ ਪਦਾਰਥਾਂ ਨੂੰ ਸ਼ਕਤੀ ਦੇ ਫ਼ਰਕ ਕਾਰਨ ਹੀ ਆਪਣੇ ਆਪ ਗਰਮਾ ਦਿੰਦੇ ਹਨ, ਇਸ ਤਰ੍ਹਾਂ ਕਰਦਾ ਹੈ ਗੁਰੂ ਗੋਬਿੰਦ ਸਿੰਘ ਦੇ ਪੰਥ ਦਾ ਮੈਂਬਰ।

ਦਾਨ ਦਾ ਭਾਵ, ਨਿਰਸੰਦੇਹ, ਗੁਰੂ ਸਾਹਿਬ ਦੇ ਪੰਥ ਵਿਚ ਸੁਚੇਤ ਰੂਪ ਵਿਚ ਖ਼ੈਰਾਤ ਜਾਂ ਦਾਨ ਦੇਣ ਤੋਂ ਨਹੀਂ। "ਸਭ ਕੁਝ ਗੁਰੂ ਦਾ ਹੈ" ਇਸੇ ਤਰ੍ਹਾਂ ਖ਼ਾਲਸਾ ਮਹਿਸੂਸਦਾ ਹੈ, "ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ"। ਅਜਿਹੀ ਸਨੇਹ-ਮਈ ਪ੍ਰਵਿਰਤੀ ਕਿਸੇ ਸਮਾਜਿਕ ਜ਼ਾਬਤੇ ਜਾਂ ਨਿਯਮਾਂ ਅਧੀਨ ਨਹੀਂ ਆਉਂਦੀ। ਇਸ ਵਿਚ ਕੁਝ ਵੀ ਮਕਾਨਕੀ ਨਹੀਂ। ਇਹ ਗਹਿਰਾ ਅਤੇ ਸੰਜੀਵ ਹੈ। ਖ਼ਾਲਸੇ ਦੀ ਇਹ ਖ਼ੈਰਾਤ ਦਰਿਆਵਾਂ ਵਾਂਗ ਉਸ ਦੇ ਆਪੇ ਵਿਚੋਂ ਨਿਕਲ ਤੁਰਦੀ ਹੈ। ਖ਼ਾਲਸਾ ਆਪਣਾ ਆਪਾ, ਆਪਣੀ ਮਿਹਨਤ, ਆਪਣਾ ਹੱਡ ਮਾਸ, ਆਪਣਾ ਜੀਵਨ ਅਤੇ ਆਪਣੀ ਰੂਹ ਵੀ ਆਪਣੇ ਮਾਲਕ, ਮਹਿਬੂਬ ਤੋਂ ਨਿਛਾਵਰ ਕਰ ਚੁੱਕਾ ਹੈ।

**ਇਸ਼ਨਾਨ** : ਸਰੀਰ ਦਾ ਠੰਡੇ ਪਾਣੀ ਨਾਲ ਨਹਾਉਣਾ, ਮਨ ਦਾ ਅੰਮ੍ਰਿਤ ਦੇ ਚਸ਼ਮੇ ਵਿਚ ਅਤੇ ਰੂਹ ਦਾ ਉਸ ਦੇ ਪਿਆਰ ਵਿਚ ਗੋਤਾ ਲਾਉਣਾ ਇਸ਼ਨਾਨ ਹੈ।

**ਕਿਰਤ ਕਰਨਾ** : ਇਹ ਚਿੰਨ੍ਹਾਤਮਕ ਦਾਨ ਹੈ, ਜੋ ਗੁਰੂ ਗੋਬਿੰਦ ਸਿੰਘ ਦੇ ਪੰਥ ਨੂੰ ਮਿਹਨਤ-ਕਸ਼ਾਂ ਦੀ ਸਾਰੀ ਲੁਕਾਈ ਨਾਲ ਜੋੜਦਾ ਹੈ। ਗੁਰੂ ਪਾਸ ਕੋਈ ਅਮੀਰ ਨਹੀਂ। ਉਸ ਦੇ ਪੰਥ ਵਿਚ ਕੋਈ ਵਿਹਲੜ ਅਮੀਰ ਨਹੀਂ ਉਸ ਲਈ ਤਾਂ ਕੋਈ ਥਾਂ ਨਹੀਂ, ਸਾਰਿਆਂ ਨੂੰ ਕਿਰਤ ਕਰਨੀ ਪੈਂਦੀ ਹੈ, ਅੰਨ੍ਹ ਪੈਦਾ ਕਰਨ ਲਈ ਪਸੀਨਾ ਵੀਟਣਾ ਪੈਂਦਾ ਹੈ, ਲੋਹੇ, ਲੱਕੜੀ ਅਤੇ ਪੱਥਰ ਵਿਚੋਂ ਨਵੇਂ ਰੂਪ ਘੜਨੇ ਪੈਂਦੇ ਹਨ, ਕੰਮ ਕਰਨਾ, ਕਿਰਤ ਕਰਨੀ ਅਤੇ ਮਿਹਨਤ ਦੀ ਕਮਾਈ ਦਾ ਵੀ ਤਿਆਗ ਅਤੇ ਇਸ ਸੁਤੇ ਸਿੱਧ ਤਿਆਗ ਕਾਰਨ ਗੁਰੂ ਅਤੇ ਅੱਜ

ਦੇ ਕਾਮਗਰਾਂ ਵਿਚਾਲੇ ਫ਼ਰਕ ਸਪੱਸ਼ਟ ਹੈ।

**ਵੰਡ ਛਕਣਾ** : ਕਿਰਤ ਕਮਾਈ ਦੀ ਇਕਸਾਰ ਵੰਡ। "ਉਹ ਰੋਟੀ ਨਾ ਖਾ, ਜੋ ਤੂੰ ਆਪਣੇ ਖ਼ਾਲਸਾ ਵੀਰ ਨੂੰ ਨਹੀਂ ਵੰਡੀ।"

ਗੁਰੂ ਗੋਬਿੰਦ ਸਿੰਘ ਵਰਤਮਾਨ ਯੁੱਗ ਦੇ ਗੁਰੂ ਹਨ। ਉਹ ਅਵਤਾਰ ਹਨ, ਜਿਨ੍ਹਾਂ ਨੇ ਮਨੁੱਖੀ ਸਮਾਜ ਦੀ ਨਾਮ, ਦਾਨ, ਇਸ਼ਨਾਨ, ਕਿਰਤ ਕਰਨ, ਵੰਡ ਛਕਣ ਦੇ ਆਧਾਰ 'ਤੇ ਪੰਥ ਦੇ ਰੂਪ ਵਿਚ ਪੁਨਰ ਉਸਾਰੀ ਕੀਤੀ ਹੈ।

ਨਾਮ, ਮੁਕੰਮਲ ਅਤੇ ਸੰਪੂਰਨ ਤਿਆਗ ਅਤੇ ਸਰੀਰ, ਮਨ ਅਤੇ ਰੂਹ ਦਾ ਅਸੀਮ ਵਿਚ ਇਸ਼ਨਾਨ। ਹਰੇਕ ਮਨੁੱਖ ਮਾਤਰ ਲਈ, ਕਿਰਤ ਕਰਨਾ, ਪੈਦਾ ਕਰਨਾ ਅਤੇ ਇਸ ਕਮਾਈ ਦਾ ਕਿਸੇ ਨਿਰਾਸ਼ਾਮਈ ਭਾਵਨਾ ਅਧੀਨ ਤਿਆਗ ਨਹੀਂ, ਸਗੋਂ ਦਿਲੋਂ ਵਜੋਂ ਇਸ ਕਮਾਈ ਨੂੰ ਆਪਣੇ ਖ਼ਾਲਸਾ ਭਰਾਵਾਂ ਵਿਚ ਵੰਡ ਦੇਣਾ, ਲਾਜ਼ਮੀ ਰੂਹਾਨੀ ਲੋੜ ਹੈ। ਜੇ ਪੰਜਾਬ ਦੇ ਸਿੱਖ ਸਾਨੂੰ ਗੁਰੂ ਗੋਬਿੰਦ ਸਿੰਘ ਦੇ ਮਹਾਨ ਨਿਰਮਲ ਪੰਥ ਦੀ ਮਾੜੀ ਜਿਹੀ ਯਾਦ ਦਿਵਾਉਂਦੇ ਹਨ ਤਾਂ ਇਹ ਕੀ ਵੱਡੀ ਗੱਲ ਹੈ, ਜਦੋਂਕਿ ਸਾਰਾ ਸੰਸਾਰ ਅੰਦਰੋਂ ਅੰਦਰੇ ਇਸ ਨੂੰ ਅਪਨਾਉਣ ਦੀ ਦਿਲੀ ਇੱਛਾ ਕਰ ਰਿਹਾ ਹੈ।

ਇਥੇ ਗੁਰੂ ਦਾ ਸਾਰੇ ਸੰਸਾਰ ਨੂੰ ਸੱਦਾ ਹੈ ਅਤੇ ਸਾਡੇ ਵਿਚੋਂ ਕੌਣ ਗੁਰੂ ਗੋਬਿੰਦ ਸਿੰਘ ਪ੍ਰਤੀ ਸਾਰੇ ਸੰਸਾਰ ਦੇ ਅਸਪੱਸ਼ਟ ਅਤੇ ਅਚੇਤ ਪਰ ਜ਼ੋਰਦਾਰ ਹੁੰਗਾਰੇ ਨੂੰ ਨਹੀਂ ਵੇਖਦਾ? ਉਸ ਦੀ ਪ੍ਰਤਿਭਾ ਨੂੰ ਸਮਝਣ ਲਈ ਮਨੁੱਖ ਨੂੰ ਸਦੀਆਂ ਲੱਗਣਗੀਆਂ, ਜਦੋਂ ਉਹ ਗੁਰੂ ਸਾਹਿਬ ਦੇ ਰੂਹਾਨੀ ਪੰਥ ਨੂੰ ਪਾ ਲਵੇਗਾ।

ਯਕੀਨਨ ਭਾਰਤ ਦੇ ਗ਼ੁਲਾਮਾਂ ਨੇ ਉਸ ਨੂੰ ਅਜੇ ਤੱਕ ਨਾ ਹੀ ਸਮਝਿਆ ਅਤੇ ਨਾ ਹੀ ਉਸ ਦੀ ਪ੍ਰਤਿਭਾ ਨੂੰ ਸਮਝਣ ਦੇ ਯੋਗ ਹਨ। ਉਸ ਦੀ ਮਹਾਨ ਸ਼ਖ਼ਸੀਅਤ ਦਾ ਪਰਛਾਵਾਂ ਬਹੁਤ ਦੂਰ ਸਦੀਆਂ ਤੋਂ ਪਰ੍ਹੇ ਤੱਕ ਪੈਂਦਾ ਹੈ ਅਤੇ ਭਾਰਤ ਦੇ ਅਖੌਤੀ ਮਹਾਨ ਵਿਦਵਾਨ, ਜਦੋਂ ਗੁਰੂ ਨੂੰ ਸਮਝਣ ਦਾ ਮਨ ਬਣਾਉਂਦੇ ਹਨ ਕੇਵਲ ਕੰਡਿਆਂ ਨਾਲ ਝਰੀਟੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਗੁਰੂ ਨਾਨਕ ਜਿੰਨਾ ਰੂਹਾਨੀਅਤ ਵਾਲਾ ਨਾ ਸਮਝ ਕੇ ਛੱਡ ਦਿੰਦੇ ਹਨ। ਇਸ ਤੋਂ ਉਨ੍ਹਾਂ ਦੁਆਲੇ ਪਸਰੇ ਹਨੇਰੇ ਦਾ ਹੀ ਅਨੁਭਵ ਹੁੰਦਾ ਹੈ, ਜੇ ਉਹ ਗੁਰੂ ਗੋਬਿੰਦ ਸਿੰਘ ਵਿਚ ਗੁਰੂ ਨਾਨਕ ਦੇ ਉਚੇ ਅਤੇ ਚਮਕਦੇ ਸ਼ਿਖ਼ਰ ਨੂੰ ਨਹੀਂ ਵੇਖ ਸਕਦੇ। ਯਕੀਨਨ ਉਹ ਧਾਰਮਿਕ ਵਿਚਾਰਧਾਰਾ ਦੀ ਕ੍ਰਾਂਤੀ ਦੇ ਸ਼ਹਿਨਸ਼ਾਹ ਨੂੰ ਨਹੀਂ ਸਮਝ ਸਕੇ। ਉਸ ਦੇ ਇਕ ਨਿਮਰਤਾ ਭਰੇ ਸ਼ਬਦ ਵਿਚ ਵੀ ਅਸੰਖਾਂ ਲਾਟਾਂ ਹਨ, ਜੋ ਬਿਜਲੀ ਵਾਂਗ ਅਸੰਖਾਂ ਸ਼ਮਸ਼ੀਰਾਂ ਹੋ ਟੁਟਦੀਆਂ ਹਨ, ਜੋ ਮਨੁੱਖੀ ਖ਼ੂਨ ਵਿਚ ਹਲੂਲ ਕਰ ਜਾਂਦੀਆਂ ਹਨ, ਨਾਮ, ਜਿਸ ਦੇ ਜਪਣ ਨੇ ਕਿਰਤ ਕਰਦੇ ਮਨੁੱਖ ਦੀ ਪਿਆਰ, ਕਿਰਤ ਅਤੇ ਸੰਪੂਰਨ ਤਿਆਗ ਦੀ ਭਾਵਨਾ ਤੇ ਸੰਭਾਵੀ ਸਲਤਨਤ ਦੀ ਬੁਨਿਆਦ ਰੱਖਣੀ ਹੈ।

ਵਿਚਾਰਕਾਂ ਨੇ ਅਜੇ ਦਸ ਗੁਰੂ ਸਾਹਿਬਾਨ ਦੇ ਵਿਚਾਰਾਂ, ਜਿਨ੍ਹਾਂ ਨੂੰ ਪ੍ਰਗਟਾਉਣ ਲਈ ਵਰਤੀ ਗਈ ਬ੍ਰਾਹਮਣੀ ਭਾਸ਼ਾ ਕਾਰਨ ਅਤੇ ਵਿਰੋਧੀ ਬ੍ਰਾਹਮਣੀ ਮਾਹੌਲ, ਜੋ ਸਦਾ ਮਨੁੱਖ ਦੇ ਅਸਲੀ ਸੱਭਿਆਚਾਰਕ ਵਿਕਾਸ ਵਿਚ ਬਾਧਕ ਰਿਹਾ ਹੈ, ਦੀ ਮਹਾਨਤਾ ਨੂੰ ਸਮਝਣਾ ਹੈ।

ਗੁਰੂ ਸਾਹਿਬਾਨ ਦੀ ਪ੍ਰਤਿਭਾ ਆਪਣੇ ਕ੍ਰਾਂਤੀਕਾਰੀ ਵਿਚਾਰ, ਉਸ ਵਿਸ਼ੇਸ਼ ਦੇਸੀ ਭਾਸ਼ਾ ਵਿਚ, ਆਪਣੇ ਵਿਚਾਰਾਂ ਦਾ ਵਿਰੋਧ ਕਰਦੇ ਹੋਏ, ਪ੍ਰਗਟ ਕਰਦੀ ਹੈ ਅਤੇ ਆਪਣੇ ਵਿਚਾਰਾਂ ਦੇ ਮੱਥੇ 'ਤੇ ਪਈਆਂ ਪਰਸਪਰ ਕਟਦੀਆਂ ਲਕੀਰਾਂ ਅਤੇ ਵਿਚਾਰ ਮੰਡਲਾਂ ਨੂੰ ਆਪਣੇ ਜੀਵਨ ਅਤੇ ਕਾਰਨਾਮਿਆਂ ਦੇ ਅਨੁਕਰਣ ਵਿਚ ਅਤੇ ਪਿਆਰ ਅਤੇ ਸੰਪੂਰਨ ਤਿਆਗ ਦਾ, ਜੋ ਪੰਥ ਉਨ੍ਹਾਂ ਸਾਜਿਆ, ਨੂੰ ਪੜ੍ਹਨ ਲਈ ਪਾਠਕ 'ਤੇ ਛੱਡ ਦਿੰਦੀ ਹੈ। ਮੇਰਾ ਇਹ ਵਿਸ਼ਵਾਸ ਹੈ ਕਿ ਇਕ ਰਾਤ ਵਿਚ ਅਤੇ ਇਕ ਦਿਨ ਵਿਚ ਜਦੋਂ ਗੁਰੂ ਸਾਹਿਬ ਦੇ ਵਿਚਾਰ, ਜੋ ਕਿ ਧਰਮ ਅਤੇ ਜੀਵਨ ਜਾਚ ਸਬੰਧੀ ਪੂਰਬੀ ਵਿਚਾਰਾਂ ਵਿਚ ਮੁਕੰਮਲ ਕ੍ਰਾਂਤੀ ਹਨ, ਵੇਖੇ ਜਾਣ ਅਤੇ ਜੇ ਇਹ ਸੰਪੂਰਨ ਸਾਦਗੀ ਨਾਲ ਅਤੇ ਸੁਯੋਗ ਭਾਸ਼ਾ ਵਿਚ ਬਿਆਨ ਕੀਤੇ ਜਾਣ ਤਾਂ ਦਸਾਂ ਗੁਰੂ ਸਾਹਿਬਾਨ ਦੀ ਚੇਤਨਤਾ ਸਾਰੇ ਮਨੁੱਖੀ ਸੱਭਿਆਚਾਰ 'ਤੇ ਛਾ ਜਾਵੇਗੀ। ਉਨ੍ਹਾਂ ਦੀ ਵਡਿਆਈ ਦੀ ਸਾਖੀ ਮਨੁੱਖ ਦੀ ਬਹੁ-ਪੱਖੀ ਉਨਤੀ ਦੀਆਂ ਕਈ ਸਦੀਆਂ ਨੇ ਭਰਨੀ ਹੈ। ਮੈਂ ਇਨ੍ਹਾਂ ਵਿਚਾਰਾਂ ਦੀ ਕ੍ਰਾਂਤੀਕਾਰੀ ਭਾਵਨਾ ਬਾਰੇ ਕਿਤੇ ਹੋਰ ਵਿਚਾਰ ਕਰਾਂਗਾ ਪਰ ਮੈਂ ਇਥੇ ਕਹਿ ਦੇਣਾ ਚਾਹੁੰਦਾ ਹਾਂ ਕਿ ਗੁਰੂ ਸਾਹਿਬਾਨ ਦਾ ਧਰਮ, ਨਿਰਸੰਦੇਹ ਕੁਦਰਤ ਅਤੇ ਰੂਹ ਦਾ ਧਰਮ ਹੈ। ਇਹ ਬ੍ਰਾਹਮਣਾਂ ਦੇ ਅਧਿਆਤਮਕ ਅਤੇ ਦਾਰਸ਼ਨਿਕ ਬਕੜਵਾਦ ਤੋਂ ਬਿਲਕੁਲ ਵੱਖਰਾ ਹੈ। ਅੰਤਮ ਦਿਮਾਗ਼ੀ ਧਾਰਨਾਵਾਂ, ਜਿਹਾ ਕਿ ਬ੍ਰਾਹਮਣੀ ਦਾਰਸ਼ਨਿਕ ਅਨੁਮਾਨਾਂ ਰਾਹੀਂ ਪੇਸ਼ ਕੀਤੀਆਂ ਜਾਂਦੀਆਂ ਹਨ, ਦੁਆਰਾ ਘੜੀ ਹਕੀਕਤ ਨਾਲ ਇਸ ਦਾ ਕੋਈ ਸਬੰਧ ਨਹੀਂ। ਇਹ ਧਾਰਨਾਵਾਂ ਮਰ ਚੁੱਕੀਆਂ ਹਨ। ਗੁਰੂ ਸਾਹਿਬਾਨ ਦਾ ਮਜ਼੍ਹਬ ਸੰਖੇਪ ਵਿਚ, ਜੀਵਨ ਜਾਚ, ਅਗੰਮੀ ਜੋਤ ਨੂੰ ਜਗਦੇ ਰੱਖਣ ਦਾ ਹੈ। ਇਹ ਅਧਿਆਤਮਕ ਜਾਂ ਧਰਮ ਸ਼ਾਸਤਰਾਂ ਅਨੁਸਾਰ ਹੋਣ ਦੀ ਬਜਾਏ ਵਧੇਰੇ ਕਲਾਮਈ ਹੈ ਅਤੇ ਇਹ ਕਿਰਤ, ਕਾਰੀਗਰੀ ਮਨੁੱਖ, ਕੁਦਰਤ ਅਤੇ ਉਨ੍ਹਾਂ ਦੀ ਘਾੜਤ ਵਿਚਲੇ ਹੁਸਨ ਦੀ ਪ੍ਰਸ਼ੰਸਾ ਨਾਲ ਭਰਪੂਰ ਹੈ। ਇਸ ਵਿਚ ਅਸੀਮ ਖ਼ੁਸ਼ੀ ਹੈ ਅਤੇ ਅਸੀਮ ਗ਼ਮ ਵੀ ਹਨ। ਗੁਰੂ ਪ੍ਰਣਾਲੀ ਵਿਚ ਖ਼ੁਸ਼ੀ, ਜੀਵਨ ਦੇ ਗ਼ਮਾਂ ਦੇ ਰੁੱਖ 'ਤੇ ਖਿੜਿਆ ਫੁੱਲ ਹੈ। ਜਿਨ੍ਹਾਂ ਨੂੰ ਜੀਵਨ ਵਿਚ ਗ਼ਮ ਦਾ ਅਹਿਸਾਸ ਪ੍ਰਾਪਤ ਨਹੀਂ ਹੋਇਆ, ਉਨ੍ਹਾਂ ਲਈ ਨਿਰੀ ਖ਼ੁਸ਼ੀ ਹੋਕੇ ਭਰੀ, ਧੋਖਾ ਅਤੇ ਟਹਿਣੀਓਂ ਟੁੱਟੇ ਫੁੱਲ ਦੇ ਮੁਰਝਾਉਣ ਸਮੇਂ ਦੇ ਰੰਗਾਂ ਵਾਂਗ ਤਤਵਹੀਣ ਹੈ।

ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਪੰਥ ਇਕ ਅਜਿਹਾ ਸੰਘ ਹੈ ਜਿਸ ਵਿਚ ਇਸਤ੍ਰੀਆਂ ਖੁੱਲ੍ਹਾ ਅਤੇ ਬਰਾਬਰ ਭਾਗ ਲੈਂਦੀਆਂ ਹਨ। ਪੂਰਬ ਦੇ ਇਤਿਹਾਸ ਵਿਚ ਪਹਿਲੀ ਵਾਰੀ ਇਸਤਰੀ ਨੂੰ ਮਰਦਾਂ ਦੇ ਬਰਾਬਰ ਹੱਕ ਮਿਲਿਆ ਹੈ। ਗੁਰੂ ਸਾਹਿਬਾਨ ਵਲੋਂ ਰਚੇ ਗਏ ਸਿੱਖ ਸਾਹਿਤ ਵਿਚ ਸਿੱਖਣੀ ਸ਼ਬਦ ਕਿਤੇ ਨਹੀਂ ਮਿਲਦਾ। 'ਅਨੁਯਾਈ' ਜਾਂ 'ਸਿੱਖ' ਲਿੰਗ-ਰਹਿਤ ਨਾਂਵ ਹੈ। ਇਹ ਨਾਮਕਰਣ ਸਭ ਨੂੰ ਦਿੱਤਾ ਜਾਂਦਾ ਹੈ, ਜੋ ਸੰਗਤ ਵਿਚ ਆਉਂਦਾ ਹੈ। ਮੈਂ ਸ਼ਰਮਿੰਦਾ ਹਾਂ ਕਿ ਹਿੰਦੂ ਜਾਏ ਸਿੱਖਾਂ ਦੇ ਪੁਰਾਣੇ ਸਮਾਜਿਕ ਰੁਝਾਨ ਕਾਰਨ 'ਸਿੱਖਣੀ' ਜਾਂ 'ਸਿੰਘਣੀ' ਦੇ ਸ਼ਬਦ ਸ਼ਾਮਲ ਕਰ ਦਿੱਤੇ ਗਏ ਹਨ।

ਬੁੱਧ ਨੇ ਆਪਣੇ ਨੇਕ ਅਤੇ ਪਿਆਰੇ ਚੇਲੇ ਆਨੰਦ ਦੇ ਜ਼ੋਰ ਦੇਣ 'ਤੇ 'ਨਨਾਂ' (ਇਸਤ੍ਰੀ ਪੈਰੋਕਾਰ) ਦੀ ਪ੍ਰਣਾਲੀ ਚਲਾਈ ਅਤੇ ਈਸਾ ਮਸੀਹ ਦੇ ਦੁਆਲੇ ਇਕੱਠੇ ਹੋਏ ਬਹੁਤ ਸਾਰੇ ਪੈਰੋਕਾਰਾਂ ਵਿਚ ਮਹਾਨ ਪੈਰੋਕਾਰ ਫ਼ਲਸਤੀਨ ਦੀਆਂ ਇਸਤ੍ਰੀਆਂ ਹਨ ਪਰ ਇਥੇ ਤਾਂ ਪਿਆਰ ਦੇ ਸੇਵਕਾਂ, ਮਰਦਾਂ ਅਤੇ ਇਸਤ੍ਰੀਆਂ ਲਈ ਸਿੱਖੀ ਅਤੇ ਪਿਆਰ ਦੇ ਬਰਾਬਰ ਦੇ ਅਧਿਕਾਰਾਂ 'ਤੇ ਸਮਾਜ ਦੀ ਪੁਨਰ-ਉਸਾਰੀ ਕੀਤੀ ਗਈ ਹੈ। ਗੁਰੂ ਸਾਹਿਬਾਨ ਦਾ ਆਦਰਸ਼ ਲਾਸਾਨੀ ਅਤੇ ਕ੍ਰਾਂਤੀਕਾਰੀ ਹੈ।

ਆਓ! ਫਿਰ ਉਹ ਪੰਜਾਬ ਦੇ ਸਿੱਖ ਨੌਜਵਾਨੋ ਅਤੇ ਉਸ ਦੇ ਨਾਮ ਤੋਂ ਸਭ ਕੁਝ ਤਿਆਗ ਕੇ, ਗੁਰੂ ਦਾ ਝੰਡਾ ਬੁਲੰਦ ਅਤੇ ਝੂਲਦਾ ਰੱਖੋ। ਆਓ! ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਬਣੀਏ ਅਤੇ ਇਸ ਜੀਵਨ ਰੂਪੀ ਜੰਗਲ ਦੇ ਕੱਖ-ਕਾਨ ਵਰਗੇ ਅਖੌਤੀ ਅਵਤਾਰਾਂ ਤੇ ਫ਼ਿਰਕਿਆਂ, ਸਭਾਵਾਂ ਜਾਂ ਕਲੱਬਾਂ ਦੀ ਹੋ ਰਹੀ ਖੁੰਭਾਂ ਵਰਗੀ ਉਤਪਤੀ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦੇਈਏ। ਸਾਡੇ ਤੋਂ ਪਹਿਲਾਂ ਹੋਏ ਖ਼ਾਲਸੇ ਮੌਤੋਂ ਪਰੇ ਰਹਿੰਦੇ ਹਨ। ਉਹ ਸਾਡੀ ਮਦਦ ਲਈ ਸਾਡੇ ਪਾਸ ਆਉਂਦੇ ਹਨ, ਜੇ ਅਸੀਂ ਆਪਣਾ ਰੁਖ਼ ਉਨ੍ਹਾਂ ਵੱਲ ਕਰੀਏ ਅਤੇ ਇਮਦਾਦ ਮੰਗੀਏ। ਅਸੀਂ ਅਣਗਿਣਤ ਹਾਂ ਜੇ ਅਸੀਂ ਆਪਣੀ ਰੂਹ ਵਿਚ ਜਾਗੀਏ ਅਤੇ ਬਦੇਹੀ ਹੋ ਜਾਈਏ। ਸਰੀਰ ਨੂੰ ਕੇਵਲ ਵਾਹਨ ਵਾਂਗ ਰੱਖੀਏ ਜਿਵੇਂ ਕਿ ਇਸ ਸੰਘ ਦੇ ਮਹਾਨ ਸੰਗੀ, ਈਸਾ ਨੇ ਆਪਣੇ ਸਰੀਰ ਬਾਰੇ ਕਿਹਾ ਹੈ ਕਿ ਇਹ ਤਾਂ ਕੇਵਲ 'ਪਿਤਾ ਦੀ ਰੂਹ' ਦੀ ਵਾਹਨ ਤੋਂ ਛੁਟ ਕੁਝ ਵੀ ਨਹੀਂ।

# 'ਔਰਨ ਕੀ ਹੋਲੀ ਮਮ ਹੋਲਾ'

ਤਲਵਿੰਦਰ ਸਿੰਘ ਬੁੱਟਰ



'ਹੋਲੀ' ਸਮੁੱਚੇ ਭਾਰਤ ਦਾ ਅਤੇ 'ਹੋਲਾ' ਕੇਵਲ ਪੰਜਾਬ ਦਾ ਖ਼ਾਸ ਕਰਕੇ ਸਿੱਖ ਕੌਮ ਦਾ ਇਕ ਪ੍ਰਸਿੱਧ ਮੌਸਮੀ ਤਿਓਹਾਰ ਹੈ। ਹੋਲੀ ਹਰੇਕ ਸਾਲ ਫ਼ੱਗਣ ਸ਼ੁਦੀ ੮ ਤੋਂ ਸ਼ੁਰੂ ਹੋ ਕੇ ਉਸੇ ਹਫ਼ਤੇ ਪੂਰਨਮਾਸ਼ੀ ਨੂੰ ਸਮਾਪਤ ਹੁੰਦੀ ਹੈ। 'ਹੋਲਾ' ਉਸ ਤੋਂ ਅਗਲੇ ਦਿਨ, ਚੇਤ ਵਦੀ ੧ ਨੂੰ ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ ਜਾਂਦਾ ਹੈ। ਇਨ੍ਹਾਂ ਦੋਵਾਂ ਤਿਓਹਾਰਾਂ ਦੀ ਵਿਚਾਰਧਾਰਾ ਵਿਚ ਕਾਫ਼ੀ ਫ਼ਰਕ ਹੈ। ਗੁਰੂ ਸਾਹਿਬਾਨ ਨੇ ਜਿਥੇ 'ਹੋਲੀ' ਨੂੰ ਇਕ-ਦੂਜੇ 'ਤੇ ਰੰਗ ਸੁੱਟਣ ਦੀ ਦੁਨਿਆਵੀ ਖੇਡ ਦੀ ਥਾਂ ਗੁਰਮਤਿ ਦੇ ਰੂਹਾਨੀ ਪੰਧ ਦੀਆਂ ਅਧਿਆਤਮਿਕ ਉਚਾਈਆਂ ਤੱਕ ਪਹੁੰਚਣ ਦੇ ਖੇੜੇ ਦੀ ਪ੍ਰਤੀਕ ਦੱਸਿਆ ਹੈ, ਉਥੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲੇ-ਮਹੱਲੇ' ਦਾ ਸਿਧਾਂਤ ਪੇਸ਼ ਕਰਦਿਆਂ, ਹੋਲੀ ਨੂੰ ਨਵੇਂ ਤੇ ਸੁਲਝੇ ਰੂਪ ਵਿਚ ਪੇਸ਼ ਕੀਤਾ।

ਕਈ ਲੋਕ ਹੋਲੀ ਨੂੰ ਮੌਸਮੀ ਤਿਓਹਾਰ ਦੇ ਰੂਪ ਵਿਚ ਮਨਾਉਂਦੇ ਹਨ। ਇਸ ਸਮੇਂ ਪਤਝੜ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ। ਕੁਦਰਤ ਨਵੀਂ ਨੁਹਾਰ ਲੈ ਕੇ ਆਉਂਦੀ ਹੈ ਤੇ ਹਰ ਪਾਸੇ ਖੇੜਾ ਹੀ ਖੇੜਾ ਹੁੰਦਾ ਹੈ। ਕਹਿਰਾਂ ਦੀ ਸਰਦੀ ਪਿੱਛੋਂ ਬਸੰਤ ਦੀ ਸੁਹਾਵਣੀ ਤੇ ਖੇੜਿਆਂ ਭਰੀ ਰੁੱਤ ਦਾ ਆਨੰਦ ਲੈਣ ਵਜੋਂ ਹੋਲੀ ਖੇਡੀ ਜਾਂਦੀ ਹੈ। ਹੋਲੀ ਨੂੰ 'ਫ਼ਾਗਾ' ਵੀ ਕਿਹਾ ਜਾਂਦਾ ਹੈ। 'ਫ਼ਾਗਾ' ਤੋਂ ਭਾਵ ਫ਼ੱਗਣ ਮਹੀਨਾ ਜਾਂ ਬਸੰਤ ਰੁੱਤ ਹੈ। ਬਸੰਤ ਨੂੰ ਗੁਰਸਿੱਖ ਦੇ ਅਧਿਆਤਮਕ ਮੰਡਲ ਵਿਚ ਪ੍ਰਭੂ ਪ੍ਰੇਮ ਲਈ ਇਕ ਨਵਾਂ ਖੇੜਾ, ਚਾਅ ਮੰਨਿਆ ਜਾਂਦਾ ਹੈ। ਗੁਰਸਿੱਖ ਲਈ ਇਹ ਮਹਾਂ ਅਨੰਦ, ਮੰਗਲਾਚਾਰ, ਚਿੰਤਾ ਰਹਿਤ ਦਾ ਸਮਾਂ ਹੁੰਦਾ ਹੈ। ਅਜਿਹਾ ਸੁੰਦਰ ਨਜ਼ਾਰਾ ਰੱਬ ਦੇ ਪਿਆਰਿਆਂ ਦੇ ਅੰਦਰ ਇਕ ਅਜੀਬ ਕਿਸਮ ਦੀ ਝਰਨਾਹਟ ਪੈਦਾ ਕਰ ਦਿੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਮਾਰਥ ਦੇ ਮਾਰਗ ਨੂੰ ਆਨੰਦਮਈ 'ਹੋਲੀ' ਦੇ ਰੂਪ ਵਿਚ ਖੇਡਣ ਦੀ ਇਸ ਤਰ੍ਹਾਂ ਪ੍ਰੇਰਨਾ ਕੀਤੀ ਹੈ :

**ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥**
**ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥**
**ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ ਰਹਾਉ ॥**
**ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥**
**ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥** (ਬਸੰਤੁ ਮ.੫, ਅੰਗ : ੧੧੮੦)

ਸਾਡੇ ਦੇਸ਼ ਦਾ ਹਰ ਤਿਓਹਾਰ ਆਪਣੇ ਪਿਛੋਕੜ ਵਿਚ ਕੋਈ ਨਾ ਕੋਈ ਇਤਿਹਾਸਕ ਜਾਂ ਮਿਥਿਹਾਸਕ ਘਟਨਾ ਜ਼ਰੂਰ ਰੱਖਦਾ ਹੈ, ਜਿਸ ਦਾ ਸਾਡੇ ਸਮਾਜਿਕ ਜੀਵਨ ਨਾਲ ਡੂੰਘਾ ਸਬੰਧ ਹੁੰਦਾ ਹੈ।

ਹੋਲੀ ਮਨਾਉਣ ਦੀ ਰੀਤ ਕਿਵੇਂ ਸ਼ੁਰੂ ਹੋਈ, ਇਸ ਦੀ ਕੀ ਸਾਰਥਿਕਤਾ ਸੀ ਅਤੇ ਉਸ ਤੋਂ ਬਾਅਦ ਹੋਲਾ ਕਿਵੇਂ ਸ਼ੁਰੂ ਹੋਇਆ, ਇਨ੍ਹਾਂ ਦੋਵਾਂ ਪੱਖਾਂ ਦਾ ਕ੍ਰਮਵਾਰ ਮਿਥਿਹਾਸ

ਅਤੇ ਇਤਿਹਾਸ ਨਾਲ ਸਬੰਧ ਹੈ। ਇਕ ਪੌਰਾਣਿਕ ਕਥਾ ਅਨੁਸਾਰ ਹੰਕਾਰੀ ਰਾਜੇ ਹਰਨਾਖਸ਼ ਨੇ ਭਗਤੀ ਕਰਕੇ ਸ਼ਿਵ ਜੀ ਤੋਂ ਵਰ ਪ੍ਰਾਪਤ ਕੀਤਾ ਕਿ ਅੰਦਰ ਨਾ ਬਾਹਰ, ਦਿਨੇ ਨਾ ਰਾਤ, ਮਨੁੱਖ ਤੋਂ ਜਾਂ ਪਸ਼ੂ ਤੋਂ, ਕਿਸੇ ਤੋਂ ਨਾ ਮਰਾਂ। ਅਜਿਹਾ ਵਰ ਪ੍ਰਾਪਤ ਕਰਕੇ ਉਹ ਵੱਡਾ ਜ਼ਾਲਮ ਬਣ ਗਿਆ ਤੇ ਉਸ ਨੇ ਕਿਹਾ ਕਿ ਪ੍ਰਮਾਤਮਾ ਦੇ ਨਾਮ ਦੀ ਬਜਾਏ ਸਾਰੇ ਉਸ ਦਾ ਹੀ ਨਾਮ ਜਪਣ। ਪਰ ਘਰ ਵਿਚ ਉਸ ਦਾ ਪੁੱਤਰ ਭਗਤ ਪ੍ਰਹਿਲਾਦ ਹੀ ਉਸ ਦਾ ਵਿਰੋਧੀ ਬਣ ਗਿਆ।

ਹਰਨਾਖਸ਼ ਦੇ ਚਾਰ ਪੁੱਤਰ ਸਨ ਤੇ ਭਗਤ ਪ੍ਰਹਿਲਾਦ ਸਭ ਤੋਂ ਛੋਟਾ ਸੀ। ਜਦੋਂ ਪ੍ਰਹਿਲਾਦ ਚਾਰ ਸਾਲ ਦੇ ਹੋਏ ਤਾਂ ਆਪ ਨੂੰ ਪਾਠਸ਼ਾਲਾ ਭੇਜਿਆ ਗਿਆ। ਇਕ ਦਿਨ ਭਗਤ ਪ੍ਰਹਿਲਾਦ ਦੇ ਅਧਿਆਪਕ ਸੰਡਾ ਤੇ ਮਰਕਾ ਸ਼ਿਕਾਇਤ ਲੈ ਕੇ ਹਰਨਾਖਸ਼ ਕੋਲ ਗਏ ਕਿ ਤੁਹਾਡਾ ਬੱਚਾ ਪੜ੍ਹਦਾ ਨਹੀਂ, ਅਸੀਂ ਥੱਕ ਚੁੱਕੇ ਹਾਂ, ਪਰ ਉਹ 'ਰਾਮ' ਦਾ ਨਾਮ ਹੀ ਗਾਉਂਦਾ ਹੈ। ਇਸ ਦੀ ਰੀਸ ਨਾਲ ਬਾਕੀ ਸਭ ਵਿਦਿਆਰਥੀ ਵੀ 'ਰਾਮ ਰਾਮ' ਬੋਲਦੇ ਹਨ। ਭਗਤ ਨਾਮਦੇਵ ਜੀ ਇਸ ਸਾਰੀ ਘਟਨਾ ਨੂੰ ਬਹੁਤ ਸੋਹਣੇ ਢੰਗ ਨਾਲ ਬਿਆਨ ਕਰਦੇ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ:

**ਸੰਡਾ ਮਰਕਾ ਜਾਇ ਪੁਕਾਰੇ ॥ ਪੜੈ ਨਹੀ ਹਮ ਹੀ ਪਚਿ ਹਾਰੇ ॥**

**ਰਾਮੁ ਕਹੈ ਕਰ ਤਾਲ ਬਜਾਵੈ ਚਟੀਆ ਸਭੈ ਬਿਗਾਰੇ ॥੧॥**

**ਰਾਮ ਨਾਮਾ ਜਪਿਬੋ ਕਰੈ। ਹਿਰਦੈ ਹਰਿ ਜੀ ਕੋ ਸਿਮਰਨੁ ਧਰੈ ॥੧॥ ਰਹਾਉ ॥** (ਅੰਗ :੧੧੬੫)

ਹਰਨਾਖਸ਼ ਇਕ ਘੁਮੰਡੀ, ਕਪਟੀ ਤੇ ਅੱਤਿਆਚਾਰੀ ਰਾਜਾ ਸੀ। ਉਹ ਚਾਹੁੰਦਾ ਸੀ ਕਿ ਰਾਜ ਭਰ ਵਿਚ ਹਰ ਕੋਈ 'ਰਾਮ-ਰਾਮ' ਦਾ ਨਾਮ ਲੈਣ ਦੀ ਥਾਂ ਇਹ ਕਹੇ ਕਿ ਸਾਡਾ ਹਰਨਾਖਸ਼ ਹੀ ਕਰਤਾ-ਧਰਤਾ ਹੈ। ਭਗਤ ਪ੍ਰਹਿਲਾਦ ਦੀ ਸ਼ਿਕਾਇਤ ਸੁਣ ਕੇ ਹਰਨਾਖਸ਼ ਨੂੰ ਗੁੱਸਾ ਆ ਗਿਆ। ਰਾਜਾ ਹਰਨਾਖਸ਼ ਨੇ ਭਗਤ ਪ੍ਰਹਿਲਾਦ ਨੂੰ ਰੱਬ ਦੀ ਭਗਤੀ ਤੋਂ ਹਟਾਉਣ ਦੇ ਅਨੇਕਾਂ ਯਤਨ ਕੀਤੇ, ਪਰ ਕੋਈ ਵੀ ਸਫ਼ਲ ਨਾ ਹੋਇਆ। ਅੰਤ ਵਿਚ ਰਾਜੇ ਨੇ ਆਪਣੀ ਧੀ 'ਹੋਲਿਕਾ' ਦੀ ਗੋਦੀ 'ਚ ਬਿਠਾ ਕੇ ਪ੍ਰਹਿਲਾਦ ਨੂੰ ਸਾੜ-ਮਾਰਨ ਦੀ ਸਾਜ਼ਿਸ਼ ਰਚੀ। 'ਹੋਲਿਕਾ' ਨੇ ਤਪ ਕਰਕੇ ਸ਼ਿਵ ਜੀ ਪਾਸੋਂ ਇਕ ਦੁਪੱਟਾ ਪ੍ਰਾਪਤ ਕੀਤਾ ਸੀ, ਜਿਸ ਨੂੰ ਉਪਰ ਲੈਣ 'ਤੇ ਅੱਗ ਅਸਰ ਨਹੀਂ ਕਰਦੀ ਸੀ। ਪ੍ਰਹਿਲਾਦ ਨੂੰ ਗੋਦੀ 'ਚ ਲੈ ਕੇ ਹੋਲਿਕਾ ਅੱਗ ਦੇ ਭਾਂਬੜ 'ਚ ਬੈਠ ਗਈ, ਪਰ ਉਸ ਨੇ ਆਪਣਾ ਅੱਗ ਤੋਂ ਬਚਾਅ ਕਰਨ ਲਈ ਸ਼ਿਵ ਜੀ ਤੋਂ ਪ੍ਰਾਪਤ ਵਰ ਵਾਲਾ ਦੁਪੱਟਾ ਲੈ ਲਿਆ। ਪ੍ਰਮਾਤਮਾ ਨੇ ਭਗਤ ਪ੍ਰਹਿਲਾਦ ਦੀ ਰੱਖਿਆ ਕੀਤੀ ਤੇ ਵਰ ਵਾਲਾ ਦੁਪੱਟਾ ਹੋਲਿਕਾ ਤੋਂ ਉਡ ਕੇ ਪ੍ਰਹਿਲਾਦ 'ਤੇ ਜਾ ਪਿਆ। ਹੋਲਿਕਾ ਸੜ ਗਈ ਤੇ ਪ੍ਰਹਿਲਾਦ ਬਚ ਗਿਆ। ਅੰਤ ਅੱਗ ਨਾਲ ਲਾਲ ਕੀਤੇ ਥੰਮ ਨਾਲ ਪ੍ਰਹਿਲਾਦ ਨੂੰ ਬੰਨ੍ਹਿਆ ਗਿਆ, ਪ੍ਰਮਾਤਮਾ ਨੇ ਇਥੇ ਵੀ ਨਰਸਿੰਘ ਦਾ ਰੂਪ ਧਾਰਨ ਕਰਕੇ ਦਹਿਲੀਜ਼ ਵਿਚ ਹਰਨਾਖਸ਼ ਨੂੰ ਹੀ ਚੋਫ਼ਾੜ ਕਰ ਦਿੱਤਾ।

ਹੋਲੀ ਦੇ ਤਿਓਹਾਰ ਸਬੰਧੀ ਇਸ ਘਟਨਾ ਨੂੰ ਆਧਾਰ ਬਣਾ ਕੇ ਹੀ, ਰਾਤ ਨੂੰ ਹੋਲੀ ਜਲਾਈ ਜਾਂਦੀ ਸੀ ਤੇ ਅੱਗ ਨਾਲ ਬਣੀ ਸੁਆਹ ਨੂੰ ਹੋਲਿਕਾ ਦੀ ਰਾਖ਼ ਮੰਨ ਕੇ ਸਵੇਰੇ ਉਸ ਨੂੰ ਉਡਾਇਆ ਜਾਂਦਾ ਸੀ। ਹੌਲੀ-ਹੌਲੀ ਇਹ ਸ਼ੂਦਰੀ ਤਿਓਹਾਰ ਬਣ ਗਿਆ। ਉਚੀਆਂ ਜਾਤਾਂ ਦੇ ਲੋਕ ਹੋਲੀ ਵਾਲੇ ਦਿਨ ਤਥਾਕਥਿਤ ਨੀਵੀਂਆਂ ਜਾਤਾਂ ਦੇ ਲੋਕਾਂ 'ਤੇ ਗੰਦਗੀ ਸੁੱਟਦੇ ਤੇ ਖੁਦ ਖੁਸ਼ੀਆਂ ਮਨਾਉਂਦੇ। ਬਦਲਦੇ ਸਮੇਂ ਦੇ ਨਾਲ ਇਹ ਸੁਆਹ ਤੋਂ ਰੰਗ ਉਡਾ ਕੇ ਮਨ-ਪ੍ਰਚਾਵੇ ਦਾ ਤਿਓਹਾਰ ਬਣ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਹੋਲੀ ਨੂੰ ਅਦੁੱਤੀ ਅਤੇ ਅਲੌਕਿਕ 'ਹੋਲੇ-ਮਹੱਲੇ' ਦਾ ਰੂਪ ਦੇ ਦਿੱਤਾ। 'ਹੋਲਾ' ਅਤੇ 'ਮਹੱਲਾ' ਦੋ ਵੱਖੋ-ਵੱਖਰੇ ਸ਼ਬਦ ਹਨ। 'ਹੋਲਾ' ਸ਼ਬਦ ਅਰਬੀ ਭਾਸ਼ਾ ਦਾ ਹੈ ਅਤੇ 'ਮਹੱਲਾ' ਫ਼ਾਰਸੀ ਦਾ। ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ 'ਹੋਲਾ' ਦੇ ਅਰਥ 'ਹਮਲਾ' ਅਤੇ 'ਮਹੱਲਾ' ਦੇ ਅਰਥ 'ਹਮਲਾ ਕਰਨ ਦੀ ਥਾਂ' ਦੇ ਰੂਪ ਵਿਚ ਕੀਤੇ ਹਨ।

ਖ਼ਾਲਸਾ ਪੰਥ ਹਰੇਕ ਤਿਉਹਾਰ ਨੂੰ ਅਧਿਆਤਮਕ ਪਰਿਪੇਖ 'ਚ ਅਤੇ ਆਪਣੀ ਨਿਆਰੀ ਪਛਾਣ ਕਰਕੇ ਨਿਵੇਕਲੇ ਢੰਗ ਨਾਲ ਮਨਾਉਂਦਾ ਹੈ। 'ਹੋਲੀ' ਦੀ ਥਾਂ ਖ਼ਾਲਸਾ 'ਹੋਲਾ-ਮਹੱਲਾ' ਮਨਾਉਂਦਾ ਹੈ। ਜਦੋਂ ਹੋਲੀ ਸਮਾਪਤ ਹੋ ਜਾਂਦੀ ਹੈ ਤਾਂ ਅਗਲੇ ਦਿਨ ਖ਼ਾਲਸੇ ਦਾ 'ਹੋਲਾ-ਮਹੱਲਾ' ਹੁੰਦਾ ਹੈ। 'ਹੋਲੇ-ਮਹੱਲੇ' ਦੀ ਰੀਤ ਖ਼ਾਲਸਾ ਪੰਥ ਦੇ ਸਿਰਜਣਹਾਰ ਕਲਗੀਆਂ ਵਾਲੇ ਤੇ ਨੀਲੇ ਘੋੜੇ ਦੇ ਸ਼ਾਹ-ਅਸਵਾਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ੁਰੂ ਕਰਵਾਈ ਸੀ। ਭਾਵੇਂ ਬਸੰਤ ਰੁੱਤ ਦਾ ਵੀ ਗੁਰਸਿੱਖੀ ਦੇ ਰੂਹਾਨੀ ਮੰਡਲ ਵਿਚ ਮਹੱਤਵ ਰਿਹਾ ਹੈ, ਪਰ ਵਿਵਹਾਰਕ ਤੌਰ 'ਤੇ 'ਹੋਲੀ' ਨੂੰ 'ਹੋਲੇ' ਦੇ ਰੂਪ ਵਿਚ ਮਨਾਉਣ ਦੀ ਰਵਾਇਤ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੋਰੀ। 'ਹੋਲੇ-ਮਹੱਲੇ' ਦੇ ਤਿਉਹਾਰ ਦੇ ਮੰਤਵ, ਉਦੇਸ਼ ਬੜੇ ਜੋਸ਼ੀਲੇ, ਚੜ੍ਹਦੀ ਕਲਾ ਦੇ ਪ੍ਰਤੀਕ ਅਤੇ ਉਸਾਰੂ ਸਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਪਿੱਛੋਂ ਮਾਯੂਸ ਅਤੇ ਬੇ-ਆਸ ਹੋਈਆਂ ਸਿੱਖ ਸੰਗਤਾਂ ਵਿਚ ਨਵਾਂ ਉਤਸ਼ਾਹ, ਨਿਡਰਤਾ, ਨਿਰਭੈਅਤਾ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਨੂੰ ਨਵੇਂ ਸੰਕਲਪਾਂ 'ਚ ਰੂਪਮਾਨ ਕੀਤਾ। ਘੋੜਿਆਂ ਤੇ ਹਾਥੀਆਂ ਦੀ ਅਸਵਾਰੀ, ਨਗਾਰਿਆਂ ਦੀਆਂ ਉਚੀਆਂ ਆਵਾਜ਼ਾਂ, ਕਿਲ੍ਹਿਆਂ ਦੀ ਉਸਾਰੀ, ਜੰਗੀ ਖੇਡਾਂ ਦੇ ਅਭਿਆਸਾਂ ਆਦਿ ਰਾਹੀਂ ਇਨ੍ਹਾਂ ਸੰਕਲਪਾਂ ਨੂੰ ਅਮਲ 'ਚ ਲਿਆਂਦਾ। ਇਸੇ ਤਰ੍ਹਾਂ ਸਿੱਖ ਇਨਕਲਾਬ ਦੀ ਸੰਪੂਰਨਤਾ ਦੇ ਅਮਲ ਵਜੋਂ ਖ਼ਾਲਸਾ ਪੰਥ ਦੀ ਸਥਾਪਨਾ ਕਰਕੇ ਚਰਨ ਪਾਹੁਲ ਦੀ ਥਾਂ ਖੰਡੇ ਬਾਟੇ ਦਾ ਅੰਮ੍ਰਿਤ ਅਤੇ 'ਹੋਲੀ' ਦੀ ਥਾਂ 'ਹੋਲੇ' ਦੀ ਰਵਾਇਤ ਸ਼ੁਰੂ ਕੀਤੀ।

ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ, ਕ੍ਰਿਸ਼ਨ ਜੀ ਗਵਾਲਿਆਂ ਨਾਲ ਰਲ ਕੇ ਹੋਲੀ ਮਨਾਉਂਦੇ ਸਨ। ਉਸ ਸਮੇਂ ਊਚ-ਨੀਚ ਦਾ ਭੇਦ-ਭਾਵ ਮੁੱਕ ਜਾਂਦਾ ਸੀ, ਪਰ ਦੇਖਦੇ ਹੀ ਦੇਖਦੇ ਇਸ ਦੀ ਥਾਂ ਖਰੂਦ, ਛੇੜ-ਛਾੜ ਤੇ ਵਿਲਾਸ ਨੇ ਲੈ ਲਈ। ਸੋ ਗੁਰੂ ਨਾਨਕ ਦੇਵ ਜੀ ਨੇ 'ਹੋਲੀ ਕੀਨੀ ਸੰਤ ਸੇਵ' ਦਾ ਆਦਰਸ਼ ਰੱਖਿਆ ਅਤੇ ਸਮਝਾਇਆ ਕਿ ਸੇਵਾ ਕਰਦਿਆਂ ਜੋ ਰੰਗ ਚੜ੍ਹਦਾ ਹੈ, ਉਹ ਅਸਲ ਲਾਲੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ "ਸੇਵਾ ਤੇ ਸ਼ਹੀਦੀ" ਦਾ ਅਜਿਹਾ ਸੁਮੇਲ ਕਰ ਦਿੱਤਾ ਕਿ ਨੀਵੀਂਆਂ ਰੁਚੀਆਂ ਉਪਜਾਉਣ ਵਾਲੀ ਹੋਲੀ ਦਾ ਤਿਆਗ ਹੋ ਗਿਆ। ਗੁਰੂ ਸਾਹਿਬ ਨੇ ਸਿੱਖਾਂ ਅੰਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਨਵਾਂ ਜੋਸ਼ ਅਤੇ ਤਾਕਤ ਬਖ਼ਸ਼ਣ ਲਈ ਇਕ ਦਿਨ ਨਿਯਤ ਕਰ ਦਿੱਤਾ ਤੇ ਉਸ ਦਿਨ ਕਿਲ੍ਹਾ ਹੋਲਗੜ੍ਹ ਵਿਚ ਮੇਲਾ ਲੱਗ ਜਾਂਦਾ। ਪਹਿਲਾ ਤਾਰੀਖ਼ੀ ਮੇਲਾ ਸਾਹਿਬ ਨੇ ਚੇਤ ਵਦੀ ਪਹਿਲੀ, ਸੰਮਤ ੧੭੫੭, ਸੰਨ ੧੬੯੦ ਵਿਚ ਕੀਤਾ ਤੇ ਉਸ ਦੀ ਪਰਪਾਟੀ ਪੈ ਗਈ। ਹੋਲਾ-ਮਹੱਲਾ ਉਤਸ਼ਾਹ ਦਾ ਦਿਹਾੜਾ ਬਣ ਗਿਆ ਤੇ ਸ਼ਕਤੀ ਦਾ ਪ੍ਰਤੀਕ।

ਹੋਲ, ਹੂਲ, ਹੋਲਾ, ਮਹੱਲਾ, ਰਲਦੇ-ਮਿਲਦੇ ਸ਼ਬਦ ਹਨ। 'ਹੂਲ' ਦਾ ਅਰਥ ਹੈ ਨੇਕ ਅਤੇ ਭਲੇ ਕੰਮ ਲਈ ਜੂਝਣਾ, ਤਲੀ 'ਤੇ ਖੇਡਣਾ, ਤਲਵਾਰ ਦੀ ਧਾਰ 'ਤੇ ਚੱਲਣਾ ਆਦਿ। ਭੱਠੀ ਵਿਚ ਪੱਕੇ ਹੋਏ ਨੂੰ 'ਹੋਲ' ਕਹਿੰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਜੋ ਸ਼ੂਦਰੀ ਤਿਓਹਾਰ ਕਰਕੇ ਜਾਣਿਆ ਜਾਂਦਾ ਸੀ, ਨੂੰ ਨਵੇਂ ਰੂਪ ਵਿਚ ਮਨਾਉਣ ਲਈ ਕਿਹਾ। ਕਿਉਂਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਾਂਝ ਵੀ ਨੀਚ ਅਖਵਾਉਣ ਵਾਲਿਆਂ ਨਾਲ ਸੀ, ਵੱਡਿਆਂ ਦੀ ਰੀਸ ਨੂੰ, ਸਾਂਝ ਨੂੰ ਆਪ ਨੇ ਅਣਡਿੱਠ ਕਰ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਨੀਵੇਂ ਸਮਝੇ ਜਾਂਦੇ ਤਿਓਹਾਰ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਨਵੇਂ ਅਰਥ ਦਿੱਤੇ, ਨਵੇਂ ਢੰਗ ਅਪਣਾਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਤ੍ਰਿਸਕਾਰੇ ਤੇ ਲਿਤਾੜੇ ਲੋਕਾਂ ਨੂੰ ਗਲੇ ਲਾਇਆ, ਮਾਣ-ਤਾਣ ਬਖ਼ਸ਼ਿਆ, ਉਨ੍ਹਾਂ ਵਿਚ ਜੁਝਾਰੂ ਜਜ਼ਬਾ ਪੈਦਾ ਕੀਤਾ ਤਾਂ ਕਿ ਉਹ ਜ਼ੁਲਮ ਤੇ ਜ਼ਬਰ ਦਾ ਮੁਕਾਬਲਾ ਕਰ ਸਕਣ। ਆਪਣੀ ਹੋਂਦ ਦਾ ਪ੍ਰਗਟਾਵਾ ਕਰ ਸਕਣ, ਬਾਜਾਂ ਨੂੰ ਤੋੜ ਸਕਣ, ਸਵਾ ਲੱਖ ਨਾਲ ਇਕੱਲੇ ਲੜ ਸਕਣ। ਅਜਿਹੀ ਗੌਰਵਮਈ ਰੀਤ ਬਾਰੇ ਕੌਮ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਜੀ ਲਿਖਦੇ ਹਨ ਕਿ, "ਯੁੱਧ ਵਿਦਿਆ ਦੇ ਅਭਿਆਸ ਵਿਚ ਨਿੱਤ ਨਵਾਂਪਣ ਕਾਇਮ ਰੱਖਣ ਵਾਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਰੀਤ ਅਨੁਸਾਰ ਚੇਤ

ਵਦੀ ਇਕ ਨੂੰ ਸਿੱਖਾਂ ਵਿਚ 'ਹੋਲਾ-ਮਹੱਲਾ' ਹੁੰਦਾ ਹੈ। ਜਿਸ ਦਾ ਹੋਲੀ ਦੇ ਤਿਓਹਾਰ ਨਾਲ ਕੋਈ ਸਬੰਧ ਨਹੀਂ ਹੈ।"

'ਹੋਲਾ-ਮਹੱਲਾ' ਮਸਨੂਈ ਜੰਗਜੂ ਕਰਤੱਬਾਂ ਦਾ ਤਿਓਹਾਰ ਹੈ। ਤਿਆਰ-ਬਰ-ਤਿਆਰ ਪੈਦਲ, ਘੋੜ-ਅਸਵਾਰ ਅਤੇ ਸ਼ਸਤਰਧਾਰੀ ਸਿੱਖ ਫ਼ੌਜਾਂ ਦੇ ਦੋ ਦਲ ਬਨਾਉਟੀ ਲੜਾਈ ਲੜਦੇ ਹਨ। ਕਲਗੀਧਰ ਪਾਤਸ਼ਾਹ ਖੁਦ ਇਸ ਬਨਾਉਟੀ ਲੜਾਈ ਨੂੰ ਦੇਖਦੇ ਅਤੇ ਦੋਵਾਂ ਦਲਾਂ ਨੂੰ ਲੋੜੀਂਦੀ ਸਿੱਖਿਆ ਵੀ ਪ੍ਰਦਾਨ ਕਰਦੇ ਸਨ। ਜੇਤੂ ਦਲ ਨੂੰ ਸਿਰੋਪਾ ਦੀ ਬਖ਼ਸ਼ਿਸ਼ ਹੁੰਦੀ। 'ਹੋਲਾ-ਮਹੱਲਾ' ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਲਖਾਇਕ ਹੈ।

ਚੜ੍ਹਦੀ ਕਲਾ ਬਣਾਈ ਰੱਖਣ ਲਈ ਇਸ ਨੂੰ ਜੰਗੀ ਸ਼ਸਤਰਾਂ ਨਾਲ ਜੋੜਿਆ ਗਿਆ। ਜੰਗ ਦੇ ਅਰਥਾਂ ਵਿਚ ਵਰਨਣ ਕੀਤਾ ਗਿਆ ਹੈ। ਦਸਮ ਗ੍ਰੰਥ ਵਿਚ ਜੰਗ ਦਾ ਬਿਆਨ ਹੋਲੇ ਦੇ ਰੰਗਾਂ ਰਾਹੀਂ ਕਰਦੇ ਹੋਏ ਦਸਮ ਪਿਤਾ ਲਿਖਦੇ ਹਨ :

**ਬਾਨ ਚਲੇ ਤੇਈ ਕੁੰਕਮ ਮਾਨਹੁ, ਮੂਠ ਗੁਲਾਲ ਕੀ ਸਾਂਗ ਪ੍ਰਹਾਰੀ॥**

**ਢਾਲ ਮਨੋ ਡਫ ਮਾਲ ਬਨੀ, ਹਥ ਲਾਲ ਬੰਦੂਕ ਛੁਟੇ ਪਿਚਕਾਰੀ॥**

**ਸ੍ਰਉਨ ਭਰੇ ਪਟ ਬੀਰਨ ਕੇ, ਉਪਮਾ ਜਨ ਘੋਰ ਕੈ ਕੇਸਰ ਡਾਰੀ॥**

**ਖੇਲਤ ਫਾਗ ਕਿ ਬੀਰ ਲਰੈ, ਨਵਲਾਸੀ ਲੀਏ ਕਰਵਾਰ ਕਟਾਰੀ॥੧੩੮੫॥**

**(ਕ੍ਰਿਸ਼ਨਾ ਅਵਤਾਰ, ੧੩੮੫)**

ਖ਼ਾਲਸਾ ਪੰਥ ਆਪਣੇ ਗੌਰਵਮਈ ਇਤਿਹਾਸ ਦਾ ਇਹ ਮਾਣਮੱਤਾ ਤਿਓਹਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਮਨਾਉਂਦਾ ਆ ਰਿਹਾ ਹੈ। ਜੇਤੂ ਕਲਾ ਦੇ ਜਲੂਸ ਨਿਕਲਦੇ ਸਨ। ਗੁਲਾਬ, ਕਸਤੂਰੀ ਆਦਿ ਰੰਗਾਂ ਦੀ ਫ਼ੁਹਾਰ ਕੀਤੀ ਜਾਂਦੀ ਸੀ। ਅਤਰ-ਫੁਲੇਲਾਂ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫ਼ੁਹਾਰਾਂ ਨੇ ਭਾਈ ਨੰਦ ਲਾਲ ਜੀ ਵਰਗੇ ਗੰਭੀਰ ਤੇ ਚਿੰਤਕ ਵਿਦਵਾਨ ਨੂੰ ਵੀ ਪ੍ਰਭਾਵਿਤ ਕੀਤਾ। ਸਤਿਗੁਰਾਂ ਦੁਆਰਾ ਹੋਲੇ ਦੀ ਖੇਡ ਦੇ ਜਜ਼ਬੇ ਅਤੇ ਹੁਲਾਸ ਨੂੰ ਆਪਣੀ ਕਲਮ ਨਾਲ ਬਿਆਨ ਕਰਦਿਆਂ ਉਹ ਲਿਖਦੇ ਹਨ :

**"ਗੁਲੇ ਹੋਲੀ ਬ ਬਾਗੇ ਦਹਿਰ ਬੂ ਕਰਦ, ਲਬੇ ਚੂੰ ਗੁੰਚਹ ਰਾ ਫਰਖੰਦਹ ਖੂ ਕਰਦ॥**

**ਗੁਲਾਬੋ, ਅੰਬਰੋ ਮੁਸ਼ਕੋ ਅਬੀਰੀ, ਚੁ ਬਾਰਾਂ ਬਾਰਸ਼ੇ ਅਜ਼ ਸੂ ਬਸੂ ਕਰਦ॥**

**ਜ਼ਹੇ ਪਿਚਕਾਰੀਏ ਪੁਰ ਜ਼ਾਫਰਾਨੀ, ਜ਼ਮੀਨੋ ਆਸਮਾਂ ਰਾ ਸੁਰਖਰੂ ਕਰਦ।**

**ਦੂ ਆਲਮ ਗਸ਼ਤ ਰੰਗੀ ਅਜ਼ ਤੁਫਲੈਸ਼ ਚੂ ਸ਼ਾਹਮ ਜਾਮਹਰੰਗੀ ਦਰ ਗੁਲੂ ਕਰਦ।"**

ਭਾਈ ਨੰਦ ਲਾਲ ਦੱਸਦੇ ਹਨ, ਹੋਲੀ ਦੇ ਫ਼ੁੱਲ ਖਿੜਨ 'ਤੇ ਸਾਰਾ ਬਾਗ਼ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁੱਖੜਾ ਕਲੀ ਦੀ ਤਰ੍ਹਾਂ ਖਿੜ ਗਿਆ। ਗੁਲਾਬ, ਅੰਬਰ, ਕਸਤੂਰੀ ਤੇ ਅੰਬੀਰ ਮੀਂਹ ਵਾਂਗ ਵਰਸਣ ਲੱਗ ਪਈ। ਕੇਸਰ ਦੀ ਪਿਚਕਾਰੀ ਨੇ ਸਭ ਚਿੱਟੇ ਚੋਲਿਆਂ ਨੂੰ ਰੰਗਾਂ ਨਾਲ ਭਰ ਦਿੱਤਾ। ਪਾਤਸ਼ਾਹ ਨੇ ਗੁਲਾਲ ਦੀ ਐਸੀ ਵਰਖਾ ਕੀਤੀ ਕਿ ਧਰਤੀ ਅਤੇ ਆਕਾਸ਼ ਸੂਹਾ ਹੋ ਗਿਆ। ਜਦੋਂ ਪਾਤਸ਼ਾਹ ਨੇ ਰੰਗਿਆ ਹੋਇਆ ਚੋਲਾ ਪਹਿਨਿਆ ਤਾਂ ਸਾਰਿਆਂ ਦੀ ਆਤਮਾ ਖਿੜ ਉਠੀ।

ਦਸਮ ਪਿਤਾ ਨੇ 'ਹੋਲਾ' ਤਿਓਹਾਰ ਬੀਰਤਾ ਦਾ ਰੂਪ ਦੇ ਕੇ ਮਸ਼ਹੂਰ ਕੀਤਾ। 'ਹੋਲੇ-ਮਹੱਲੇ' ਦਾ ਇਹ ਪਵਿੱਤਰ ਦਿਹਾੜਾ ਸਾਨੂੰ ਸਾਰਿਆਂ ਨੂੰ ਪ੍ਰੇਰਨਾ ਦਿੰਦਾ ਹੈ ਕਿ ਹੱਕ, ਇਨਸਾਫ਼ ਮੰਗਿਆਂ ਪ੍ਰਾਪਤ ਨਹੀਂ ਹੁੰਦੇ, ਸਗੋਂ ਸ਼ਕਤੀ ਤੇ ਜ਼ੋਰ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖ਼ਾਲਸੇ ਨੂੰ ਦੁਨੀਆ ਤੋਂ ਨਿਆਰੇ ਅਤੇ ਅਕਾਲ ਪੁਰਖ ਦਾ ਖਾਸ ਰੂਪ ਹੋਣ ਦਾ ਅਹਿਸਾਸ ਕਰਵਾਉਂਦਾ ਚੜ੍ਹਦੀ ਕਲ੍ਹਾ ਦਾ ਪ੍ਰਤੀਕ 'ਹੋਲਾ-ਮਹੱਲਾ' ਅਸੀਂ ਹਰ ਸਾਲ ਮਨਾਉਂਦੇ ਹਾਂ। ਦਸਮ ਪਿਤਾ ਦੀਆਂ ਲਾਡਲੀਆਂ ਫ਼ੌਜਾਂ ਦੇ ਜੰਗਜੂ ਕਰਤੱਬ, ਬਾਣੀ-ਬਾਣੇ ਦੇ ਜਾਹੋ-ਜਲਾਲ ਨੂੰ ਦੇਖਦੇ ਹਾਂ।

ਪਰ ਦੁੱਖ ਦੀ ਗੱਲ ਹੈ ਕਿ ਅੱਜ ਸਿੱਖ ਕੌਮ ਨੇ ਸ਼ਸਤਰ ਵਿਦਿਆ ਨੂੰ ਆਪਣੀ ਕੌਮੀ ਵਿਦਿਆ ਨਹੀਂ ਸਮਝਿਆ, ਸਿਰਫ਼ ਫ਼ੌਜੀਆਂ ਦੇ 'ਜੰਗਜੂ ਕਰਤੱਬ' ਹੀ ਸਮਝਿਆ ਹੈ, ਜਦੋਂਕਿ ਦਸਮ ਪਿਤਾ ਦਾ ਉਪਦੇਸ਼ ਹੈ ਕਿ ਹਰ ਸਿੱਖ ਪੂਰਾ ਸਿਪਾਹੀ ਹੋਵੇ ਅਤੇ ਸ਼ਸਤਰ ਵਿਦਿਆ ਦਾ ਅਭਿਆਸ ਕਰੇ। ਸ਼ਸਤਰ ਵਿਦਿਆ ਤੋਂ ਅਨਜਾਣ ਸਿੱਖ, ਖ਼ਾਲਸਾ ਪੰਥ ਦੇ ਨਿਯਮਾਂ ਅਨੁਸਾਰ ਅਧੂਰਾ ਹੈ। 'ਹੋਲਾ-ਮਹੱਲਾ' ਦਾ ਸ਼ਸਤਰ ਵਿਦਿਆ ਨਾਲ ਕਿੰਨਾ ਗੂੜਾ ਸਬੰਧ ਹੈ, ਇਸ ਨੂੰ ਕਵੀ ਨਿਹਾਲ ਸਿੰਘ ਬਿਆਨ ਕਰਦੇ ਹਨ:

**ਬਰਛਾ ਢਾਲ ਕਟਾਰਾ ਤੇਗਾ, ਕੜਛਾ ਦੇਗਾ ਗੋਲਾ ਹੈ।**

**ਛਕਾ ਪ੍ਰਸਾਦਿ ਸਜਾ ਦਸਤਾਰਾ, ਅਰੁ ਕਰ ਦੋਨਾ ਟੋਲਾ ਹੈ।**

**ਸੁਭਟ ਸੁਚਾਲਾ ਅਰ ਲੱਖ ਬਾਹਾ, ਕਲਗਾ ਸਿੰਘ ਸਚੋਲਾ ਹੈ।**

**ਅਪਰ ਮੁਛਹਿਰਾ, ਦਾੜ੍ਹਵਾ ਜੈਸੇ, ਤੈਸਾ ਬੋਲਾ ਹੋਲਾ ਹੈ।**

ਬਾਕੀ ਸਾਰਾ ਹਿੰਦੋਸਤਾਨ ਹੋਲੀ ਖੇਡਦਾ ਹੈ। ਪਰ ਦੁਨੀਆ ਦਾ ਨਿਰਾਲਾ ਤੇ ਨਿਆਰਾ ਪੰਥ ਖ਼ਾਲਸਾ 'ਹੋਲਾ' ਖੇਡਦਾ ਹੈ ਅਤੇ 'ਮਹੱਲਾ' ਕੱਢਦਾ ਹੈ। ਖ਼ਾਲਸੇ ਦੀ ਵਿਲੱਖਣਤਾ ਦੇ ਲਖਾਇਕ 'ਹੋਲੇ-

ਮਹੱਲੇ' ਸਬੰਧੀ ਕਵੀ ਸੁਮੇਰ ਸਿੰਘ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ਾਂ ਅਨੁਸਾਰ ਲਿਖਦੇ ਹਨ :

**ਔਰਨ ਕੀ ਹੋਲੀ ਮਮ ਹੋਲਾ।**

**ਕਹਯੋ ਕ੍ਰਿਪਾਨਿਧ ਬਚਨ ਅਮੋਲਾ॥**

# ੧੮੫੭ ਦਾ ਗ਼ਦਰ ਤੇ ਸਿੱਖ

੧੮੫੭ ਦਾ ਗ਼ਦਰ ਕਿਸ ਨੂੰ ਭੁੱਲਿਆ ਹੋਵੇਗਾ? ਇਤਿਹਾਸ ਨਾਲ ਇਸ਼ਕ ਰੱਖਣ ਵਾਲਿਆਂ ਨੂੰ ਬਿਨਾਂ ਸ਼ੱਕ ਇਹ ਸਮਾਂ ਯਾਦ ਹੋਵੇਗਾ। ੧੮੪੯ ਵਿਚ ਰਾਜ-ਏ-ਖ਼ਾਲਸਾ ਡੋਗਰਿਆਂ ਅਤੇ ਪੂਰਬੀਆਂ (ਤੇਜਾ ਸਿੰਘ ਤੇ ਲਾਲ ਸਿੰਘ) ਦੀਆਂ ਕਪਟ ਅਤੇ ਅਕ੍ਰਿਤਘਣ ਚਾਲਾਂ ਦੇ ਚੱਲਦਿਆਂ ਹੋਇਆਂ ਅੰਗਰੇਜ਼ਾਂ ਦੀ ਭੇਟ ਚੜ੍ਹ ਗਿਆ ਤਾਂ ਓਸ ਤੋਂ ਲਗਭਗ ੮ ਸਾਲ ਬਾਅਦ ਅੰਗਰੇਜ਼ਾਂ ਦੇ ਖ਼ਿਲਾਫ਼ ਇਕ ਵਿਦਰੋਹ ਉੱਠ ਖੜ੍ਹਾ ਹੋਇਆ। ਇਸੇ ਨੂੰ ਹੀ ੧੮੫੭ ਦੇ ਗ਼ਦਰ ਦਾ ਨਾਂਅ ਦਿੱਤਾ ਗਿਆ।

ਇਹ ਅੰਗਰੇਜ਼ਾਂ ਦੇ ਖ਼ਿਲਾਫ਼ ਕੋਈ ਪਹਿਲੀ ਬਗ਼ਾਵਤ ਨਹੀਂ ਸੀ। ਇਸੇ ਤਰ੍ਹਾਂ ਦੀਆਂ ਹੋਰ ਬਗ਼ਾਵਤਾਂ ਜਿਵੇਂ ਕਿ ੧੭੬੪ ਈਸਵੀ ਵਿਚ ਬਕਸਰ (ਯੂ.ਪੀ.) ੧੮੦੬ ਈਸਵੀ ਵਿਚ ਵੈਲੂਰ (ਕਰਨਾਟਕ) ੧੮੨੪ ਈਸਵੀ ਨੂੰ ਬੈਰਕਪੁਰ (ਬੰਗਾਲ) ਅਤੇ ੧੮੪੦ ਈਸਵੀ ਵਿਚ ਜਦੋਂ ਸਿੰਧ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਇਆ ਗਿਆ, ਓਦੋਂ ਵੀ ਹੋਈਆਂ ਸਨ ਪਰ ਇਨ੍ਹਾਂ ਬਗ਼ਾਵਤਾਂ ਨੂੰ ਕਿਸੇ ਨੇ ਵੀ ਆਜ਼ਾਦੀ ਸੰਘਰਸ਼ ਦਾ ਨਾਂਅ ਨਹੀਂ ਦਿੱਤਾ। ਇਸੇ ਤਰ੍ਹਾਂ ੧੮੫੭ ਦੇ ਵਿਦਰੋਹ ਨੂੰ ਵੀ ਵੱਖ-ਵੱਖ ਇਤਿਹਾਸਕਾਰਾਂ ਨੇ ਇਕ ਬਗ਼ਾਵਤ ਹੀ ਮੰਨਿਆ ਹੈ, ਜੋ ਕਿ ਧਰਮ ਦੇ ਨਾਂਅ 'ਤੇ ਕੀਤੀ ਗਈ ਸੀ।

੧੮੫੭ ਦੇ ਵਿਦਰੋਹ ਦੀ ਚਿੰਗਾਰੀ ਅਸਲ ਵਿਚ ਮੰਗਲ ਪਾਂਡੇ ਤੋਂ ੨੯ ਮਾਰਚ ੧੮੫੭ ਈਸਵੀ ਨੂੰ ਸ਼ੁਰੂ ਹੋਈ। ਮੰਗਲ ਪਾਂਡੇ ੩੪ਵੀਂ ਰੈਜਮੈਂਟ ਬੰਗਾਲ ਨੇਟਿਵ ਇਨਫੈਂਟਰੀ ਦਾ ਸਿਪਾਹੀ ਸੀ। ਮੰਗਲ ਪਾਂਡੇ ਉੱਤਰ ਪ੍ਰਦੇਸ਼ ਦੇ ਪਿੰਡ ਨਗਵਾ ਦਾ ਰਹਿਣ ਵਾਲਾ ਸੀ। ੨੨ ਸਾਲ ਦੀ ਉਮਰ ਵਿਚ ਉਸ ਨੇ ਈਸਟ ਇੰਡੀਆ ਕੰਪਨੀ ਵਿਚ ਨੌਕਰੀ ਸ਼ੁਰੂ ਕੀਤੀ। ਐਸ.ਐਸ. ਉਬਰਾਏ ਦੇ ਮੁਤਾਬਕ ੨੯ ਮਾਰਚ ਨੂੰ ਉਸ ਨੇ ਪ੍ਰੇਡ ਦੌਰਾਨ ਮਿਆਨ ਵਿਚੋਂ ਤਲਵਾਰ ਕੱਢਦੇ ਹੋਏ ਆਪਣੇ ਸਾਥੀਆਂ ਨੂੰ ਵੰਗਾਰਦਿਆਂ ਹੋਇਆਂ ਕਿਹਾ, "ਆਓ ਬਾਹਰ ਆਓ ਫ਼ਿਰੰਗੀ ਤੁਹਾਡੇ ਸਾਹਮਣੇ ਹਨ, ਕਾਰਤੂਸਾਂ ਨੂੰ ਮੂੰਹ ਨਾਲ ਕੱਟਣ ਨਾਲ ਸਾਡਾ ਧਰਮ ਭ੍ਰਿਸ਼ਟ ਹੁੰਦਾ ਹੈ ਤੇ ਤੁਸੀਂ ਕੁਝ ਵੀ ਕਰਨ ਲਈ ਤਿਆਰ ਨਹੀਂ।"

ਇਹ ਕਹਿੰਦੇ ਹੋਏ ਉਸ ਨੇ ਦੋ ਅੰਗਰੇਜ਼ ਅਫ਼ਸਰਾਂ 'ਤੇ ਹਮਲਾ ਕਰ ਦਿੱਤਾ। ਜਦੋਂ ਉਸ ਨੂੰ ਫੜਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਸ ਨੇ ਆਤਮ-ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ, ਪਰ ਬਚ ਗਿਆ। ੧੦ ਦਿਨ ਮੁਕੱਦਮਾ ਚੱਲਣ ਤੋਂ ਬਾਅਦ ਉਸ ਨੂੰ ਇਕ ਬੋਹੜ ਦੇ ਦਰੱਖਤ ਨਾਲ ਲਟਕਾ ਦੇ ਫ਼ਾਂਸੀ ਦੇ ਦਿੱਤੀ ਗਈ। ਉਬਰਾਏ ਦੇ ਲਿਖਣ ਮੁਤਾਬਕ ਮੁਕੱਦਮੇ ਦੌਰਾਨ ਉਸ ਨੇ ਕਬੂਲਿਆ ਕਿ ਉਹ ਭੰਗ ਦਾ ਨਸ਼ਾ ਕਰਦਾ ਸੀ ਤੇ ਘਟਨਾ ਵਾਲੇ ਦਿਨ ਵੀ ਉਸ ਨੇ ਭੰਗ ਪੀਤੀ ਹੋਈ ਸੀ। ਰੁਦਰਆਂਗਾਂਸ਼ੂ ਮੁਕਰਜੀ (ਬੰਗਾਲੀ ਹਿਸਟੋਰੀਅਨ) ਵੀ ਮੰਗਲ ਪਾਂਡੇ ਨੂੰ ਇਕ ਇਤਫ਼ਾਕੀਆ ਨਾਇਕ ਹੀ ਮੰਨਦਾ ਹੈ।

ਮੰਗਲ ਪਾਂਡੇ ਦੀ ਫ਼ਾਂਸੀ ਤੋਂ ਬਾਅਦ ੧੦ ਮਈ ੧੮੫੭ ਨੂੰ ਮੇਰਠ ਦੀ ਛਾਉਣੀ ਵਿਚ ਕਾਰਤੂਸ ਦੇ ਮੁੱਦੇ ਨੂੰ ਆਧਾਰ ਬਣਾ ਕੇ ਹਿੰਦੁਸਤਾਨੀਆਂ ਨੇ ਵਿਦਰੋਹ ਕਰ ਦਿੱਤਾ ਤੇ ਦਿੱਲੀ ਵੱਲ ਨੂੰ ਚੱਲ ਪਏ। ਦਿੱਲੀ ਪਹੁੰਚ ਕੇ ੧੧ ਮਈ ੧੮੫੭ ਈਸਵੀ ਨੂੰ ਬਾਗ਼ੀ ਸਿਪਾਹੀਆਂ ਨੇ ਮੁਗ਼ਲ ਸਮਰਾਟ ਬਹਾਦਰ ਸ਼ਾਹ ਜ਼ਫ਼ਰ ਨੂੰ ਆਪਣਾ ਨੇਤਾ ਬਣਾ ਲਿਆ। ਉਸ ਵੇਲੇ ਦੇ ਗਵਰਨਰ ਜਨਰਲ ਲਾਰਡ ਕੈਨਿੰਗ ਨੂੰ ਬਹੁਤ ਫ਼ਿਕਰ ਹੋਇਆ ਕਿ ਹੋਵੇ ਨਾ ਕਿਤੇ ਇਹ ਗ਼ਦਰ ਪੰਜਾਬ ਵਿਚ ਵੀ ਫ਼ੈਲ ਜਾਵੇ ਕਿਉਂਕਿ ਉਹ ਜਾਣਦਾ ਸੀ ਕਿ ਖ਼ਾਲਸਾ ਰਾਜ ਨੂੰ ਬਰਤਾਨੀਆ ਰਾਜ ਦੇ ਅਧੀਨ ਕੀਤਿਆਂ ਅਜੇ ਲਗਭਗ ੮ ਸਾਲ ਦਾ ਹੀ ਸਮਾਂ ਹੋਇਆ ਹੈ। ਮੇਰਠ ਦੀ ਘਟਨਾ ਨੇ ਗਵਰਨਰ ਜਰਨਲ ਦੇ ਮਨ ਵਿਚ ਇਹ ਡਰ ਪੈਦਾ ਕਰ ਦਿੱਤਾ ਕਿ ਜੇਕਰ ਕੱਢੇ ਹੋਏ ਸਿੱਖ ਸਿਪਾਹੀ ਗ਼ਦਰੀਆਂ ਦੇ ਨਾਲ ਮਿਲ ਗਏ ਤਾਂ ਇਕ ਤੂਫ਼ਾਨ ਆ ਜਾਵੇਗਾ, ਜਿਸ ਨੂੰ ਅੰਗਰੇਜ਼ਾਂ ਦੇ ਲਈ ਸਾਂਭਣਾ ਮੁਸ਼ਕਿਲ ਹੀ ਨਹੀਂ, ਨਾ ਮੁਮਕਿਨ ਹੋਵੇਗਾ। ਇਹ ਸੋਚਦਿਆਂ ਹੋਇਆਂ ਅੰਗਰੇਜ਼ਾਂ ਨੇ ਪੰਜਾਬ ਵਿਚ ਛੇਤੀ ਤੋਂ ਛੇਤੀ ਪੁਖਤਾ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ।

ਜਦੋਂ ੧੨ ਮਈ ੧੮੫੭ ਨੂੰ ਇਸ ਗ਼ਦਰ ਦੀ ਖ਼ਬਰ ਲਾਹੌਰ ਪਹੁੰਚੀ, ਉਸ ਵੇਲੇ ਜੌਨ ਲਾਰੈਂਸ ਰਾਵਲਪਿੰਡੀ ਵਿਚ ਸੀ, ਉਸ ਤੋਂ ਅਗਲਾ ਅਫ਼ਸਰ ਰਾਬਰਟ ਮੌਂਟਗੋਮਰੀ ਹੀ ਲਾਹੌਰ ਵਿਚ ਸੀ। ਮੌਂਟਗੋਮਰੀ ਨੇ ਉਸੇ ਵੇਲੇ ਇਕ ਸਿਵਲ ਤੇ ਫ਼ੌਜੀ ਅਫ਼ਸਰਾਂ ਦੀ ਮੀਟਿੰਗ ਬੁਲਾਈ ਜਿਸ ਵਿਚ ਮੈਕਫਿਰਸਨ, ਡੌਨਾਲਡ ਮੈਕਲਿਊਡ ਅਤੇ ਰਾਬਰਟਸ ਵਰਗੇ ਸਿਰ ਕੱਢਵੇਂ ਅਫ਼ਸਰ ਸ਼ਾਮਲ ਹੋਏ।

ਲਾਹੌਰ ਵਿਚ ਇਸ ਵੇਲੇ ਚਾਰ ਪੂਰਬੀ ਦੇਸੀ

੧੮੫੭ ਦਾ ਗ਼ਦਰ ਕਿਸ ਨੂੰ ਭੁੱਲਿਆ ਹੋਵੇਗਾ? ਇਤਿਹਾਸ ਨਾਲ ਇਸ਼ਕ ਰੱਖਣ ਵਾਲਿਆਂ ਨੂੰ ਬਿਨਾਂ ਸ਼ੱਕ ਇਹ ਸਮਾਂ ਯਾਦ ਹੋਵੇਗਾ। ੧੮੪੯ ਵਿਚ ਰਾਜ-ਏ-ਖ਼ਾਲਸਾ ਡੋਗਰਿਆਂ ਅਤੇ ਪੂਰਬੀਆਂ (ਤੇਜਾ ਸਿੰਘ ਤੇ ਲਾਲ ਸਿੰਘ) ਦੀਆਂ ਕਪਟ ਅਤੇ ਅਕ੍ਰਿਤਘਣ ਚਾਲਾਂ ਦੇ ਚੱਲਦਿਆਂ ਹੋਇਆਂ ਅੰਗਰੇਜ਼ਾਂ ਦੀ ਭੇਟ ਚੜ੍ਹ ਗਿਆ ਤਾਂ ਓਸ ਤੋਂ ਲਗਭਗ ੮ ਸਾਲ ਬਾਅਦ ਅੰਗਰੇਜ਼ਾਂ ਦੇ ਖ਼ਿਲਾਫ਼ ਇਕ ਵਿਦਰੋਹ ਉੱਠ ਖੜ੍ਹਾ ਹੋਇਆ। ਇਸੇ ਨੂੰ ਹੀ ੧੮੫੭ ਦੇ ਗ਼ਦਰ ਦਾ ਨਾਂਅ ਦਿੱਤਾ ਗਿਆ। ਇਹ ਅੰਗਰੇਜ਼ਾਂ ਦੇ ਖ਼ਿਲਾਫ਼ ਕੋਈ ਪਹਿਲੀ ਬਗ਼ਾਵਤ ਨਹੀਂ ਸੀ। ੧੮੫੭ ਦੇ ਵਿਦਰੋਹ ਨੂੰ ਵੀ ਵੱਖ-ਵੱਖ ਇਤਿਹਾਸਕਾਰਾਂ ਨੇ ਇਕ ਬਗ਼ਾਵਤ ਹੀ ਮੰਨਿਆ ਹੈ, ਜੋ ਕਿ ਧਰਮ ਦੇ ਨਾਂਅ 'ਤੇ ਕੀਤੀ ਗਈ ਸੀ।

ਪਲਟਣਾਂ ਤਾਇਨਾਤ ਸਨ ਤੇ ਗੋਰਿਆਂ ਦੀ ਸਿਰਫ਼ ਇਕ ਪਲਟਣ। ਇਸ ਮੀਟਿੰਗ ਦੌਰਾਨ ਇਹ ਫ਼ੈਸਲਾ ਲਿਆ ਗਿਆ ਕਿ ਚਾਰੇ ਦੇਸੀ ਪਲਟਣਾਂ ਤੋਂ ਹਥਿਆਰ ਰਖਵਾ ਲਏ ਜਾਣ। ਬ੍ਰਿਗੇਡੀਅਰ ਐਸ ਰਾਬਰਟ ਉਸ ਵੇਲੇ ਮੀਆਂ ਮੀਰ ਛਾਉਣੀ ਦਾ ਇੰਚਾਰਜ ਸੀ। ਸਰ ਰਾਬਰਟ ਮੌਂਟਗੋਮਰੀ ਨੇ ਹੌਂਸਲਾ ਕੀਤਾ ਤੇ ਇਕ ਰਾਤ ਲਈ ਖ਼ਤਰਾ ਮੁੱਲ ਲੈਣ ਦਾ ਫ਼ੈਸਲਾ ਕੀਤਾ। ਪਰ ਉਸ ਨੇ ਕਿਸੇ ਕਿਸਮ ਦੀ ਘਬਰਾਹਟ ਪ੍ਰਗਟ ਨਹੀਂ ਹੋਣ ਦਿੱਤੀ ਤੇ ਆਮ ਵਾਂਗ ਆਪਣੇ ਰੋਜ਼ ਮਰ੍ਹਾ ਦੇ ਕੰਮ-ਕਾਜ ਵਿਚ ਮਸ਼ਰੂਫ ਰਿਹਾ।

੧੩ ਮਈ ਦੀ ਸਵੇਰ ਨੂੰ ਪਰੇਡ ਵੇਲੇ ਅੰਗਰੇਜ਼ ਕਮਾਂਡਰ ਨੇ ਚਾਰੇ ਦੇਸੀ ਪਲਟਣਾਂ ਤੋਂ ਹੁਸ਼ਿਆਰੀ ਨਾਲ ਹਥਿਆਰ ਰਖਵਾ ਲਏ ਅਤੇ ਅੰਗਰੇਜ਼ ਅਫ਼ਸਰਾਂ ਨੇ ਅਗਲਾ ਕਦਮ ਪੁੱਟਦਿਆਂ ਹੋਇਆਂ ਅੰਗਰੇਜ਼ ਪਲਟਣ ਨੂੰ ਅਸਲਾਖ਼ਾਨਿਆਂ ਤੇ ਫ਼ੌਜੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਥਾਂਵਾਂ 'ਤੇ ਲਾ ਦਿੱਤਾ। ੧੪ ਮਈ ਅੰਮ੍ਰਿਤਸਰ ਵਿਖੇ ਤਾਇਨਾਤ ੫੯ਵੀ ਪੂਰਬੀ ਪਲਟਣ ਤੋਂ ਅਸਲਾ ਖੋਹ ਲਿਆ ਗਿਆ। ਇਸੇ ਤਰ੍ਹਾਂ ਕਿਲ੍ਹਾ ਗੋਬਿੰਦਗੜ੍ਹ ਵੀ ਅੰਗਰੇਜ਼ਾਂ ਦੇ ਪੂਰੀ ਤਰ੍ਹਾਂ ਕਬਜ਼ੇ ਵਿਚ ਆ ਗਿਆ ਸੀ, ਪਰ ਇਸ ਦੇ ਬਾਵਜੂਦ ਪੰਜਾਬ ਵਿਚ ਫ਼ਿਰੋਜ਼ਪੁਰ, ਅੰਬਾਲਾ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ, ਥਾਨੇਸਰ, ਸਿਆਲਕੋਟ, ਹੋਤੀ, ਮਰਦਾਨ, ਪਿਸ਼ਾਵਰ, ਫਿਲੌਰ ਆਦਿਕ ਸ਼ਹਿਰ ਸਤੰਬਰ ੧੮੫੭ ਤੱਕ ਧੁੱਖਦੇ ਰਹੇ। ਪੰਜਾਬ ਵਿਚ ਸਾਰੀਆਂ ਹੀ ਦੇਸੀ ਪਲਟਣਾਂ ਤੋਂ ਚਾਹੇ ਉਨ੍ਹਾਂ ਨੇ ਬਗ਼ਾਵਤ ਵਿਚ ਹਿੱਸਾ ਲਿਆ ਸੀ ਜਾਂ ਨਹੀਂ, ਹਥਿਆਰ ਸੁਟਵਾ ਲਏ ਗਏ।

ਇਹ ਇਕ ਇਤਿਹਾਸਕ ਸੱਚਾਈ ਹੈ ਕਿ ੧੮੫੭ ਦੇ ਵਿਦਰੋਹ ਵਿਚ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਨੇ ਉਸ ਤਰ੍ਹਾਂ ਦਾ ਯੋਗਦਾਨ ਨਹੀਂ ਪਾਇਆ, ਜਿਸ ਤਰ੍ਹਾਂ ਦੇ ਉਤਸ਼ਾਹ ਤੇ ਕੁਰਬਾਨੀ ਲਈ ਉਹ ਮਸ਼ਹੂਰ ਹਨ। ਇਸ ਦੇ ਕਈ ਕਾਰਨ ਹਨ। ਜਿਹੜੇ ਇਤਿਹਾਸਕਾਰ ਪੰਜਾਬੀਆਂ ਅਤੇ ਸਿੱਖਾਂ ਨੂੰ ਇਸ ਗ਼ਦਰ ਵਿਚ ਨਾ ਸ਼ਾਮਲ ਹੋਣ ਦਾ ਮਿਹਣਾ ਮਾਰਦੇ ਹਨ, ਅਸਲ ਵਿਚ ਉਨ੍ਹਾਂ ਨੂੰ ਜਾਂ ਤਾਂ ਇਤਿਹਾਸ ਦੀ ਜਾਣਕਾਰੀ ਹੀ ਨਹੀਂ ਹੈ ਜਾਂ ਫਿਰ ਸਿੱਖਾਂ ਅਤੇ ਪੰਜਾਬ ਦੇ ਵਿਰੋਧ ਭਾਵੀ ਹਨ। ਉਨ੍ਹਾਂ ਲੋਕਾਂ ਦਾ ਇਨ੍ਹਾਂ ਗੱਲਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

ਇਹ ਇਕ ਇਤਿਹਾਸਕ ਸੱਚਾਈ ਹੈ ਕਿ ੧੮੫੭ ਦੇ ਗ਼ਦਰ ਨੂੰ ਉਸ ਵੇਲੇ ਕਿਸੇ ਨੇ ਵੀ 'ਆਜ਼ਾਦੀ ਦੀ ਲੜਾਈ' ਨਹੀਂ ਆਖਿਆ। ਇਹ ਵਿਚਾਰ ਬਹੁਤ ਪਿੱਛੋਂ ਦੀ ਉਪਜ ਹੈ। ਸਭ ਤੋਂ ਪਹਿਲਾਂ ਵੀ.ਡੀ. ਸਾਵਰਕਰ ਨੇ ੧੮੫੭ ਈਸਵੀ ਦੀ ੫੦ਵੀਂ ਵਰ੍ਹੇਗੰਢ ਨੂੰ ਸਮਰਪਿਤ ਲਿਖਤ ਵਿਚ ਇਸ ਨੂੰ ਆਜ਼ਾਦੀ ਦੀ ਲੜਾਈ ਦਾ ਨਾਂਅ ਦਿੱਤਾ ਉਸ ਤੋਂ ਬਾਅਦ ਹੀ ਇਸ 'ਜੰਗ-ਏ-ਆਜ਼ਾਦੀ' ਦੇ ਨਾਇਕ ਲੱਭਣੇ ਸ਼ੁਰੂ ਹੋਏ। ਜਿਨ੍ਹਾਂ ਲੋਕਾਂ ਨੇ ਇਹ ਗ਼ਦਰ ਸ਼ੁਰੂ ਕੀਤਾ ਉਹ ਬਿਲਕੁਲ ਜਥੇਬੰਦਕ ਨਹੀਂ ਸਨ ਤੇ ਨਾਲ ਹੀ ਕਿਸੇ ਨੇਤਾ ਤੋਂ ਰਹਿਤ ਵੀ ਸਨ। ਜਿਨ੍ਹਾਂ ਨੂੰ ਬਾਗ਼ੀ ਸਿਪਾਹੀਆਂ ਨੇ ਬਗ਼ਾਵਤ ਤੋਂ ਅਗਲੇ ਦਿਨ ੧੧ ਮਈ ੧੮੫੭ ਈਸਵੀ ਨੂੰ ਆਪਣਾ ਨੇਤਾ ਐਲਾਨਿਆ ਅਸਲ ਵਿਚ ਉਹ ਇਸ ਗ਼ਦਰ ਦੀ ਅਗਵਾਈ ਕਰਨਾ ਹੀ ਨਹੀਂ ਚਾਹੁੰਦਾ ਸੀ, ਉਹ ਸੀ ਬਹਾਦਰ ਸ਼ਾਹ ਜ਼ਫ਼ਰ। ਇਹ ਉਹ ਸ਼ਖ਼ਸ ਸੀ ਜਿਸ ਨੇ ਆਪਣਾ ਰਾਜ ਭਾਗ ਖੁਦ ਅੰਗਰੇਜ਼ਾਂ ਦੇ ਹਵਾਲੇ ਕੀਤਾ ਸੀ। ਉਸ ਦਾ ਆਪਣਾ ਜੀਵਨ ਉਸ ਦੇ ਆਪਣੇ ਨਾਮ ਤੋਂ ਬਿਲਕੁਲ ਉਲਟ ਸੀ ਨਾ ਤਾਂ ਉਹ 'ਬਹਾਦਰ' ਸੀ ਤੇ ਨਾ 'ਸ਼ਾਹ' ਤੇ ਨਾ ਹੀ 'ਜ਼ਫਰ' (ਵਿਜੇਤਾ) ਸੀ। ਉਹ ਸੀ ਤੇ ਕੇਵਲ ਕਲਮ ਦਾ ਧਨੀ ਇਕ ਸ਼ਾਇਰ। ਇਸ ਤੋਂ ਵੱਧ ਕੇ ਉਸ ਦੇ ਪੱਲੇ ਕੁਝ ਨਹੀਂ ਸੀ। ਉਹ ਇਸ ਵਿਦਰੋਹ ਦੀ ਅਗਵਾਈ ਕਰਨ ਦੇ ਬਿਲਕੁਲ ਯੋਗ ਨਹੀਂ ਸੀ। ਮੌਲਾਨਾ ਅਬਦੁਲ ਕਲਾਮ ਅਜ਼ਾਦ ਵੀ ਇਸ ਗੱਲ ਨਾਲ ਸਹਿਮਤ ਹਨ।

ਉਸ ਸਮੇਂ ਦੇ ਹੋਰ ਨੇਤਾ ਜਿਵੇਂ ਕਿ 'ਨਾਨਾ ਸਾਹਿਬ' ਤੇ ਰਾਣੀ ਝਾਂਸੀ ਵੀ ਜਿਨ੍ਹਾਂ ਨੂੰ ਬਾਅਦ ਵਿਚ 'ਜੰਗ-ਏ-ਆਜ਼ਾਦੀ ਦੇ ਨਾਇਕ' ਕਰਕੇ ਉਭਾਰਿਆ ਗਿਆ। ਉਹ ਵੀ ਇਸ ਵਿਦਰੋਹ ਦੀ ਅਗਵਾਈ ਨਹੀਂ ਸਨ ਕਰ ਰਹੇ। ਉਹ ਤਾਂ ਆਪਣੇ ਹੱਕਾਂ ਉੱਤੇ 'ਮਿਹਰਬਾਨੀ ਨਾਲ ਵਿਚਾਰ ਕਰਨ' ਲਈ ਅੰਗਰੇਜ਼ ਸਰਕਾਰ ਨੂੰ ਸਿਰਫ਼ ਤੇ ਸਿਰਫ਼ ਕੁਝ ਆਪਣੇ ਲਈ 'ਰਿਆਇਤਾਂ ਲੈਣ' ਹਿੱਤ ਅਰਜ਼ੋਈਆਂ ਕਰ ਰਹੇ ਸਨ। ਇਸ ਸਮੁੱਚੇ ਵਰਤਾਰੇ ਬਾਰੇ ਜਾਣਕਾਰੀ ਲੈਣ ਲਈ ਰਾਣੀ ਝਾਂਸੀ ਦੀਆਂ ਲਿਖੀਆਂ ਚਿੱਠੀਆਂ ਲੰਡਨ ਵਿਚ ਸਾਂਭੀਆਂ ਪਈਆਂ ਹਨ, ਉਨ੍ਹਾਂ ਨੂੰ ਵੇਖਿਆ ਤੇ ਵਾਚਿਆ ਜਾ ਸਕਦਾ ਹੈ। ਝਾਂਸੀ ਦੀ ਰਾਣੀ ਲਕਸ਼ਮੀ ਬਾਈ ਵਲੋਂ ਅਖੀਰ ਵਿਚ ਇੱਥੋਂ ਤੱਕ ਵੀ ਅਰਜ਼ੀ ਦਿੱਤੀ ਗਈ ਕਿ ਜੇ ਅੰਗਰੇਜ਼ ਸਰਕਾਰ ਉਸ ਦੇ ਮੁਤਬੰਨੇ ਪੁੱਤਰ ਨੂੰ ਗੱਦੀ 'ਤੇ ਬਿਠਾਉਣ ਲਈ ਰਾਜ਼ੀ ਹੋ ਜਾਵੇ ਤਾਂ ਉਹ ਬਾਗ਼ੀਆਂ ਦੇ ਖ਼ਿਲਾਫ਼ ਆਪਣੀ ਫ਼ੌਜ ਭੇਜ ਕੇ ਉਨ੍ਹਾਂ ਦੀ ਮਦਦ ਕਰ ਸਕਦੀ ਹੈ।

ਸੋ ਇਸ ਵਿਦਰੋਹ ਵਿਚ ਸ਼ਾਮਲ ਨੇਤਾ ਆਪਣੀ-ਆਪਣੀ ਪ੍ਰਭੂਸੱਤਾ ਲਈ ਲੜ ਰਹੇ ਸਨ ਨਾ ਕਿ ਭਾਰਤ ਦੀ ਆਜ਼ਾਦੀ ਲਈ। ਕੇਵਲ ਪੰਜਾਬ ਵਿਚ ਹੀ ਨਹੀਂ, ਬਲਕਿ ਹਿੰਦੁਸਤਾਨ ਵਿਚ ਬਹੁਤ ਕਰਕੇ ਕਿਸੇ ਨੂੰ ਇਹ ਖ਼ਿਆਲ ਵੀ ਨਹੀਂ ਸੀ ਕਿ ਇਹ ਕੋਈ ਰਾਜਸੀ ਸੰਘਰਸ਼ ਹੈ ਤੇ ਇਸ ਵਿਚ ਸ਼ਾਮਲ ਨਾ ਹੋਣ ਵਾਲਿਆਂ ਤੇ ਪਿੱਛੋਂ ਦੂਸ਼ਣ ਲਾਇਆ ਜਾਵੇਗਾ ਅਤੇ 'ਗ਼ੱਦਾਰ' ਸ਼ਬਦ ਦਾ ਇਸਤੇਮਾਲ ਕੀਤਾ ਜਾਵੇਗਾ। ਇੱਥੇ ਜ਼ਿਕਰਯੋਗ ਹੈ ਕਿ ਇਹ ਵਿਦਰੋਹ ਉਸ ਸਮੇਂ ਦੀ ਹਿੰਦੁਸਤਾਨ ਦੀ ਕੁੱਲ ਧਰਤੀ ਦੇ ੨੦% ਹਿੱਸੇ 'ਤੇ ਹੀ ਲੜਿਆ ਗਿਆ ਬਾਕੀ ਸਾਰਾ ਹਿੰਦੁਸਤਾਨ ਇਸ ਤੋਂ ਨਿਰਲੇਪ ਰਿਹਾ।

ਇਸ ਵਿਦਰੋਹ ਵਿਚ ਸਿੱਖਾਂ ਵਲੋਂ ਜਥੇਬੰਦਕ ਯੋਗਦਾਨ ਨਾ ਪਾਉਣ ਦੇ ਕਾਰਨਾਂ ਨੂੰ ਸਮਝਣ ਲਈ ਉਸ ਸਮੇਂ ਦੇ ਪੰਜਾਬ ਨੂੰ ਅਜੋਕੇ ਭਾਰਤ ਨਾਲੋਂ ਅਲੱਗ ਕਰਕੇ ਦੇਖਣਾ ਜ਼ਰੂਰੀ ਹੈ। ਸਿੱਖਾਂ ਦੀ ਬਹੁ-ਗਿਣਤੀ ਉਸ ਸਮੇਂ ਦੇਸ ਪੰਜਾਬ ਤੋਂ ਬਿਨਾਂ ਹੋਰ ਕਿਸੇ ਭੂ-ਖੰਡ ਨੂੰ ਆਪਣਾ ਦੇਸ਼ ਮੰਨਣ ਲਈ ਤਿਆਰ ਨਹੀਂ ਸੀ। 'ਦੇਸ ਪੰਜਾਬ' ਮਾਰਚ ੧੮੪੯ ਈਸਵੀ ਨੂੰ ਬ੍ਰਿਟਿਸ਼ ਰਾਜ ਵਿਚ ਮਿਲਾ ਲਿਆ ਗਿਆ। ਸਿੱਖ ਰਾਜ ਦੇ ਕਿਲ੍ਹੇ ਬਹੁਤ ਕਰਕੇ ਢਹਿ-ਢੇਰੀ ਕਰ ਦਿੱਤੇ ਗਏ ਤੇ ਸਿੱਖ ਫ਼ੌਜੀਆਂ ਨੂੰ ਘਰੋ-ਘਰੀ ਤੋਰ ਦਿੱਤਾ ਗਿਆ। ਸਿੱਖ ਜਰਨੈਲ ਜਾਂ ਤਾਂ ਸ਼ਹੀਦ ਹੋ ਚੁੱਕੇ ਸਨ ਤੇ ਜਾਂ ਅੰਗਰੇਜ਼ੀ ਸਰਕਾਰ ਨੇ ਕਿਲ੍ਹਿਆਂ ਵਿਚ ਕੈਦ ਕਰ ਦਿੱਤੇ ਸਨ, ਇਸ ਸਮੇਂ ੮੦੦੦ ਦੇ ਲਗਭਗ ਸਿੱਖ ਫ਼ੌਜੀ ਅੰਗਰੇਜ਼ਾਂ ਦੀ ਜੇਲ੍ਹ ਵਿਚ ਸਨ। ਜਿਹੜੇ ਸਿੱਖ ਫ਼ੌਜੀ ਬਚੇ ਸਨ ਉਹ ਖ਼ਾਲੀ ਹੱਥ ਲੜਨ ਦੀ ਸਥਿਤੀ ਵਿਚ ਨਹੀਂ ਸਨ। ਖ਼ਾਲਸਾ ਫ਼ੌਜ ਦੇ ਮਹਾਨ ਜਰਨੈਲ ਰਾਜਾ ਸ਼ੇਰ ਸਿੰਘ ਅਟਾਰੀ ਵਿਦਰੋਹ ਦੇ ਸਮੇਂ ਇਲਾਹਾਬਾਦ ਦੇ ਕਿਲ੍ਹੇ ਵਿਚ ਕੈਦ ਸਨ। ਇਹ ਉਹ ਹੀ ਸਿੱਖ ਜਰਨੈਲ ਸੀ ਜਿਸ ਨੇ 'ਰਾਮ ਨਗਰ' ਤੇ 'ਚੇਲਿਆਂ ਵਾਲੀ' ਦੀ ਲੜਾਈ ਵਿਚ ਅੰਗਰੇਜ਼ਾਂ ਨੂੰ ਨੱਕ ਨਾਲ ਚਣੇ ਚਬਾਏ ਸਨ, ਜਿਸ ਦੇ ਕਾਰਨ ਬ੍ਰਿਟਿਸ਼ ਪਾਰਲੀਮੈਂਟ ਕੁਰਲਾ ਉੱਠੀ ਸੀ ਤੇ ਉਸ ਸਮੇਂ ਦੇ ਮਸ਼ਹੂਰ ਅੰਗਰੇਜ਼ੀ ਜਰਨੈਲ ਜਰਨਲ ਹਿਊ ਗਫ ਨੂੰ ਅਸਤੀਫ਼ਾ ਦੇਣਾ ਪਿਆ ਸੀ। ਇਸੇ ਹੀ ਵਿਦਰੋਹ ਵਿਚ ਆਜ਼ਾਦੀ ਸੰਗਰਾਮੀਏ ਦੇ ਤੌਰ 'ਤੇ ਉਭਾਰੇ ਗਏ 'ਨਾਨਾ ਸਾਹਿਬ' ਦਾ ਇਲਾਹਾਬਾਦ ਅਤੇ ਕਾਨ੍ਹਪੁਰ ਦੇ ਸ਼ਹਿਰਾਂ 'ਤੇ ਕਬਜ਼ਾ ਸੀ, ਨਾਨਾ ਸਾਹਿਬ ਨੇ ਇਸ ਮਹਾਨ ਸਿੱਖ ਜਰਨੈਲ ਨੂੰ ਆਪਣੇ ਨਾਲ ਰਲਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ।

ਇਹ ਗੱਲ ਕੀ ਦਰਸਾਉਂਦੀ ਹੈ ?

ਕੀ 'ਨਾਨਾ ਸਾਹਿਬ' ਦੀ ਇਹ ਅਗਿਆਨਤਾ ਸੀ ਜਾਂ ਉਹ ਸਿੱਖ ਕੌਮ ਨੂੰ ਇਸ ਵਿਦਰੋਹ ਵਿਚ ਸ਼ਾਮਲ ਹੀ ਨਹੀਂ ਕਰਨਾ ਚਾਹੁੰਦਾ ਸੀ ? ਜੇਕਰ ਇਹ ਇਕ ਅਗਿਆਨਤਾ ਸੀ ਤਾਂ ਇਸ ਵਿਦਰੋਹ ਦੀ ਵਾਗ-ਡੋਰ ਇਸ

ਤਰ੍ਹਾਂ ਦੇ ਅਨਜਾਣ ਨੇਤਾਵਾਂ ਦੇ ਹੱਥ ਵਿਚ ਨਹੀਂ ਹੋਣੀ ਚਾਹੀਦੀ ਸੀ। ਜੇਕਰ ਇਹ ਨੇਤਾ ਸਿੱਖ ਕੌਮ ਤੇ ਸਿੱਖ ਜਰਨੈਲਾਂ ਨੂੰ ਇਸ ਵਿਦਰੋਹ ਵਿਚ ਸ਼ਾਮਲ ਹੀ ਨਹੀਂ ਕਰਨਾ ਚਾਹੁੰਦੇ ਸਨ ਤਾਂ ਸਿੱਖਾਂ ਨੂੰ ਮਿਹਣਾ ਦੇਣ ਤੋਂ ਪਹਿਲਾਂ ਜਾਂ 'ਗ਼ੱਦਾਰ' ਕਹਿਣ ਤੋਂ ਪਹਿਲਾਂ ਇਹ ਜ਼ਰੂਰ ਸੋਚਣਾ ਬਣਦਾ ਹੈ ਕਿ ਅਸਲ ਵਿਚ ਦੋਹਾਂ ਧਿਰਾਂ ਵਿਚੋਂ ਕਿਸ ਦੀ ਇਮਾਨਦਾਰੀ 'ਤੇ ਸ਼ੱਕ ਕੀਤਾ ਜਾ ਸਕਦਾ ਹੈ। ਇੱਥੇ ਆਪਣੇ ਪਾਠਕਾਂ ਨੂੰ ਦੱਸਣਾ ਜ਼ਰੂਰੀ ਸਮਝਦੇ ਹਾਂ ਕਿ ਇਸੇ 'ਨਾਨਾ ਸਾਹਿਬ' ਨੇ ਇਕ ਐਲਾਨ ਕਰ ਦਿੱਤਾ ਸੀ ਜਿ ਜੇਕਰ ਉਸ ਦੀਆਂ ਆਪਣੀਆਂ ਮੰਗਾਂ ਮੰਨ ਲਈਆਂ ਜਾਣ ਤੇ ਉਹ ਅੰਗਰੇਜ਼ਾਂ ਨਾਲ ਸਮਝੌਤਾ ਕਰਨ ਲਈ ਤਿਆਰ ਹੈ।

ਇਸੇ ਤਰ੍ਹਾਂ ਹੀ ਦੂਸਰੇ ਸਿੱਖ ਨੇਤਾ ਬਾਬਾ ਬਿਕਰਮ ਸਿੰਘ ਨਾਲ ਵਾਪਰਿਆ। ਖ਼ਾਲਸਾ ਰਾਜ ਦੇ ਖ਼ਾਤਮੇ ਪਿੱਛੋਂ ਅੰਗਰੇਜ਼ਾਂ ਖ਼ਿਲਾਫ਼ ਸੰਘਰਸ਼ ਨੂੰ ਜਾਰੀ ਰੱਖਣ ਵਾਲਿਆਂ ਵਿਚ ਉਨ੍ਹਾਂ ਦਾ ਨਾਂਅ ਪ੍ਰਮੁੱਖਤਾ ਨਾਲ ਲਿਆ ਜਾਂਦਾ ਹੈ। ਸਿੱਖ ਪੰਥ ਦੇ ਇਹ ਬਹਾਦਰ ਜਰਨੈਲ ੧੮੫੩ ਈਸਵੀ ਵਿਚ ਗ੍ਰਿਫ਼ਤਾਰ ਕਰ ਲਏ ਗਏ ਸੀ ਤੇ ਅੰਮ੍ਰਿਤਸਰ ਵਿਚ ਇਨ੍ਹਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਸੀ। ਇਨ੍ਹਾਂ ਲਈ ਘੋੜੇ ਉੱਤੇ ਚੜ੍ਹਨ ਉੱਤੇ ਪਾਬੰਦੀ ਲਾ ਦਿੱਤੀ ਗਈ ਤੇ ਅੰਗਰੇਜ਼ੀ ਫ਼ੌਜ ਦਾ ਪਹਿਰਾ ਲਾ ਦਿੱਤਾ ਗਿਆ। ਬਾਗ਼ੀ ਸਿਪਾਹੀ ਜੇਲ੍ਹਾਂ ਆਦਿਕ ਉੱਪਰ ਹਮਲੇ ਕਰਕੇ ਆਪਣੇ ਸਾਥੀਆਂ ਨੂੰ ਤਾਂ ਛੁਡਾਉਂਦੇ ਰਹੇ ਪਰ ਕਿਸੇ ਨੇ ਵੀ ਬਾਬਾ ਬਿਕਰਮ ਸਿੰਘ ਨੂੰ ਵੀ ਰਾਜਾ ਸ਼ੇਰ ਸਿੰਘ ਦੀ ਤਰ੍ਹਾਂ ਛੁਡਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਸਭ ਨੂੰ ਕੀ ਸਮਝਿਆ ਜਾਵੇ? ਕਿਸੇ ਵੀ ਇਕ ਵਿਦਰੋਹੀ ਨੇਤਾ ਨੇ ਜਾਂ ਪੂਰਬੀ ਸਿਪਾਹੀ ਨੇ ਸਿੱਖਾਂ ਦੇ ਨੇਤਾ ਜਾਂ ਸਿੱਖ ਕੌਮ ਨੂੰ ਵਿਸ਼ਵਾਸ ਵਿਚ ਨਹੀਂ ਲਿਆ ਤੇ ਨਾ ਹੀ ਕਿਸੇ ਸਿੱਖ ਸਿਪਾਹੀ ਨੂੰ ਜੇਲ੍ਹ ਵਿਚੋਂ ਛੁਡਾਇਆ। ਇਸ ਸਾਰੇ ਘਟਨਾਕ੍ਰਮ ਨੂੰ ਕਿਸ ਸੰਦਰਭ ਵਿਚ ਵੇਖਿਆ ਜਾਣਾ ਬਣਦਾ ਹੈ? ਪਾਠਕ ਆਪ ਹੀ ਨਿਰਣਾ ਕਰਨ।

ਇਸ ਤੋਂ ਅਗਲੀ ਮਹੱਤਵਪੂਰਨ ਗੱਲ ਇਤਿਹਾਸ ਦੇ ਸਫ਼ਿਆਂ ਵਿਚੋਂ ਇਹ ਲੱਭਦੀ ਹੈ ਉਸ ਬਾਰੇ ਸਾਰੇ ਇਤਿਹਾਸਕਾਰ (ਡਾ. ਗੰਡਾ ਸਿੰਘ, ਕ੍ਰਿਪਾਲ ਸਿੰਘ ਨਾਰੰਗ ਸਮੇਤ) ਇਕ-ਮੱਤ ਹਨ। ਜਿਸ ਕਰਕੇ ਪੰਜਾਬ, ਤੇ ਖਾਸ ਕਰਕੇ ਸਿੱਖ ਇਸ ਗ਼ਦਰ ਤੋਂ ਦੂਰ ਰਹੇ, ਉਹ ਹੈ ਪੂਰਬੀ ਸਿਪਾਹੀਆਂ, ਝੱਜਰ ਦੇ ਨਵਾਬ ਅਤੇ ਬਹਾਦਰ ਸ਼ਾਹ ਜ਼ਫ਼ਰ ਵਲੋਂ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਵਿਚ ਅੰਗਰੇਜ਼ਾਂ ਦੀ ਠੋਕ ਕੇ ਕੀਤੀ ਮਦਦ ਸੀ। ਇਨ੍ਹਾਂ ਪੂਰਬੀ ਸਿਪਾਹੀਆਂ ਦੀਆਂ ੧੦ ਰਜਮੈਂਟਾਂ (੨, ੧੬, ੨੪, ੨੬, ੪੧, ੪੨, ੪੫, ੪੭, ੪੮ ਅਤੇ ੭੩) ਸਿੱਖਾਂ ਦੇ ਖ਼ਿਲਾਫ਼ ਮੁੱਦਕੀ ਅਤੇ ਸਭਰਾਵਾਂ ਦੀ ਜੰਗ ਵਿਚ ਲੜੀਆਂ ਸਨ। ਇਨ੍ਹਾਂ ਪੂਰਬੀਆਂ ਬਾਰੇ ਸਿੱਖਾਂ ਦੇ ਮਨਾਂ ਵਿਚ ਬਹੁਤ ਕੌੜੀਆਂ ਯਾਦਾਂ ਕਾਇਮ ਸਨ। ਪੂਰਬੀ ਅਥਵਾ ਬਿਹਾਰੀ ਰਾਜਪੂਤ ਤੇ ਪੂਰਬੀ ਸੂਬਿਆਂ ਜਿਸ ਤਰ੍ਹਾਂ ਬੰਗਾਲ ਅਤੇ ਯੂ.ਪੀ. ਆਦਿਕ ਸੂਬਿਆਂ ਦੇ ਸਿਪਾਹੀ ਭਾਰਤ ਦੇ ਇਕੋ-ਇਕ ਸੁਤੰਤਰ ਰਾਜ 'ਦੇਸ ਪੰਜਾਬ' ਨੂੰ ਅੰਗਰੇਜ਼ਾਂ ਦਾ ਗ਼ੁਲਾਮ ਬਣਾਉਣ ਲਈ ਸਿੱਖਾਂ ਦੇ ਵਿਰੋਧ ਵਿੱਚ ਲੜੇ ਸਨ। ਇਹ ਪੂਰਬੀਏ ਸਿੱਖਾਂ ਨਾਲ ਬਹੁਤ ਨਫ਼ਰਤ ਕਰਦੇ ਸਨ ਤੇ ਅਕਸਰ ਇਹ ਕਹਿੰਦੇ ਸਨ ਕਿ ਸਿੱਖਾਂ ਨੂੰ ਹਿੰਦੁਸਤਾਨ ਦੇ ਦੂਸਰੇ ਭਾਗਾਂ ਵਿਚ ਨਹੀਂ ਜਾਣ ਦਿੱਤਾ ਜਾਏਗਾ, ਕਿਉਂਕਿ ਇਸ ਨਾਲ ਹਿੰਦੁਸਤਾਨ ਦੀ ਧਰਤੀ ਭ੍ਰਿਸ਼ਟ ਹੋ ਜਾਵੇਗੀ। ਪੂਰਬੀ ਰਜਮੈਂਟਾਂ ਵਾਲੇ ਪੰਜਾਬ ਵਿਚ ਆਪਣੇ ਆਪ ਨੂੰ ਉੱਚੀਆਂ ਜਾਤਾਂ ਵਾਲੇ ਤੇ ਸਿੱਖਾਂ ਨੂੰ ਨੀਵੀਂਆਂ ਜਾਤਾਂ ਵਾਲੇ ਸਮਝ ਕੇ ਨਫ਼ਰਤ ਕਰਦੇ ਸਨ। ਸਿੱਖਾਂ ਅਤੇ ਅੰਗਰੇਜ਼ਾਂ ਦੇ ਵਿਚਕਾਰ ਹੋਈਆਂ ਲੜਾਈਆਂ ਤੋਂ ਬਾਅਦ ਇਨ੍ਹਾਂ ਪੂਰਬੀਆਂ ਦੇ ਪੰਜਾਬ ਵਿਚ ਕੀਤੇ ਵਰਤਾਉ ਨੇ ਸਿੱਖਾਂ ਦੇ ਦਿਲਾਂ ਵਿਚ ਡੂੰਘੇ ਜ਼ਖ਼ਮ ਕੀਤੇ ਹੋਏ ਸਨ ਜੋ ਇੰਨੇ ਥੋੜ੍ਹੇ ਸਮੇਂ ਵਿਚ ਨਹੀਂ ਭਰ ਸਕਦੇ ਸਨ।

ਇੱਥੇ ਦੱਸਣਾ ਕੁਥਾਂਵੇਂ ਨਹੀਂ ਹੋਵੇਗਾ ਕਿ ਸਿੱਖਾਂ ਅਤੇ ਅੰਗਰੇਜ਼ਾਂ ਵਿਚਕਾਰ ਹੋਈਆਂ ਲੜਾਈਆਂ ਵਿਚ ਗ਼ੱਦਾਰ ਲਾਲ ਸਿੰਘ ਅਤੇ ਗ਼ੱਦਾਰ ਤੇਜਾ ਸਿੰਘ ਜੋ ਕਿ ਖ਼ਾਲਸਾ ਰਾਜ ਦੇਸ ਪੰਜਾਬ ਵਿਚ ਪ੍ਰਧਾਨ ਮੰਤਰੀ ਤੇ ਫ਼ੌਜਾਂ ਦੇ ਕਮਾਂਡਰ ਇਨ-ਚੀਫ ਦਿਆਂ ਅਹੁਦਿਆਂ 'ਤੇ ਤਾਇਨਾਤ ਸਨ, ਪੂਰਬੀ ਹੀ ਸਨ ਜੋ ਕਿ ਖ਼ਾਲਸਾ ਫ਼ੌਜਾਂ ਵਿਚ ਸਿਪਾਹੀ ਦੇ ਤੌਰ 'ਤੇ ਭਰਤੀ ਹੋਏ ਸਨ ਤੇ ਆਪਣੀਆਂ ਕਪਟ ਚਾਲਾਂ ਦੇ ਨਾਲ ਇਨ੍ਹਾਂ ਅਹੁਦਿਆਂ ਤੱਕ ਪਹੁੰਚੇ ਸਨ। ਇਨ੍ਹਾਂ ਨੇ ਸਿੱਖ ਕੌਮ, ਸਿੱਖ ਰਾਜ ਨਾਲ ਗ਼ੱਦਾਰੀ ਕੀਤੀ ਤੇ ਅੰਗਰੇਜ਼ਾਂ ਨੂੰ ਜਿਤਾਉਣ ਵਿਚ ਮੁੱਖ ਭੂਮਿਕਾ ਨਿਭਾਈ ਸੀ, ਇਸ ਕਰਕੇ ਸਿੱਖਾਂ ਦੇ ਮਨਾਂ ਵਿਚ ਵੀ ਇਨ੍ਹਾਂ ਪੂਰਬੀਆਂ ਪ੍ਰਤੀ ਬਹੁਤ ਹੀ ਘ੍ਰਿਣਾ ਭਰੀ ਕੁੜੱਤਣ ਸੀ।

ਇਕ ਹੋਰ ਘਟਨਾ ਜਿਹੜੀ ਸਿੱਖਾਂ ਨੂੰ ਇਸ ਵਿਦਰੋਹ ਤੋਂ ਦੂਰ ਕਰਨ ਅਤੇ ਪੂਰਬੀ ਸਿਪਾਹੀਆਂ ਦੀ ਮਾਨਸਿਕਤਾ, ਸੁਆਰਥਾਂ ਅਤੇ ਸਿੱਖ ਵਿਰੋਧੀ ਹੋਣ ਦੀ ਨੀਅਤ ਨੂੰ ਨੰਗਿਆਂ ਕਰਦੀ ਹੈ। ਇਹ ਘਟਨਾ ਇਲਾਹਾਬਾਦ ਅਤੇ ਕਾਨਪੁਰ ਵਿਚਕਾਰ ਇਕ ਕਸਬੇ 'ਫ਼ਤਿਹਗੜ੍ਹ' ਦੀ ਹੈ। ਇਸੇ ਕਸਬੇ ਵਿਚ ਸਿੱਖਾਂ ਦੇ ਅਖੀਰਲੇ ਮਹਾਰਾਜਾ 'ਮਹਾਰਾਜਾ ਦਲੀਪ ਸਿੰਘ' ਦਾ ਰੈਣ-ਬਸੇਰਾ ਸੀ। ੧੮੫੦ ਈਸਵੀ ਵਿਚ ਮਹਾਰਾਜਾ ਸਾਹਿਬ ਨੂੰ ਜਬਰੀ ਦੇਸ਼ ਨਿਕਾਲਾ ਦੇ ਦਿੱਤਾ ਗਿਆ ਤੇ ਮਹਾਰਾਜੇ ਸਾਹਿਬ ਦੀ ਰਿਹਾਇਸ਼ ਅੰਗਰੇਜ਼ਾਂ ਵਲੋਂ ਇਸ ਕਸਬੇ ਵਿਚ ਰੱਖੀ ਗਈ ਸੀ। ਮਹਾਰਾਜਾ ਸਾਹਿਬ ਨੂੰ ਇਹ ਜਗ੍ਹਾ ਬਹੁਤ ਹੀ ਚੰਗੀ ਲੱਗੀ। ਉਨ੍ਹਾਂ ਨੇ ਇਹ ਜਗ੍ਹਾ ਮੁੱਲ ਖ਼ਰੀਦ ਕੇ ਇੱਥੇ ਬਹੁਤ ਆਲੀਸ਼ਾਨ ਮਹੱਲ ਦੀ ਉਸਾਰੀ ਕਰਵਾਈ ਤੇ ਆਪਣਾ ਬੇਸ਼ਕੀਮਤੀ ਸਮਾਨ ਲਾਹੌਰ ਤੋਂ ਇੱਥੇ ਮੰਗਵਾ ਲਿਆ। ਮਹਾਰਾਜਾ ਦਲੀਪ ਸਿੰਘ ਜੀ ਨੇ ਇੱਥੇ ਲਗਭਗ ੪ ਸਾਲ ਰਿਹਾਇਸ਼ ਰੱਖੀ। ੧੮੫੪ ਈਸਵੀ ਦੇ ਸ਼ੁਰੂ ਵਿਚ ਮਹਾਰਾਜਾ ਸਾਹਿਬ ਨੂੰ ਜਬਰੀ ਇੰਗਲੈਂਡ ਭੇਜ ਦਿੱਤਾ ਗਿਆ। ਜਾਣ ਤੋਂ ਪਹਿਲਾਂ ਮਹਾਰਾਜਾ ਸਾਹਿਬ ਦਾ ਸਮਾਨ ਤਹਿਖ਼ਾਨੇ ਵਿਚ ਫ਼ੌਜੀ ਪਹਿਰੇ ਹੇਠ ਰੱਖ ਦਿੱਤਾ ਗਿਆ।

ਜਦੋਂ ੧੮੫੭ ਦਾ ਗ਼ਦਰ ਸ਼ੁਰੂ ਹੋਇਆ ਤਾਂ ਜਿਸ ਤਰ੍ਹਾਂ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਇਹ ਇਲਾਕਾ 'ਨਾਨਾ ਸਾਹਿਬ' ਦੇ ਕਬਜ਼ੇ ਵਿਚ ਸੀ, ਇੱਥੋਂ ਦੇ ਬਗ਼ਾਵਤੀ ਸਿਪਾਹੀਆਂ ਨੇ ਫ਼ਤਿਹਗੜ੍ਹ ਦੀ ਛਾਉਣੀ ਵਿਚ ਤਾਇਨਾਤ ਅੰਗਰੇਜ਼ ਅਫ਼ਸਰ ਅਤੇ ਸਿਪਾਹੀ ਜਾਂ ਤਾਂ ਮਾਰ ਦਿੱਤੇ ਜਾਂ ਉਹ ਆਪਣੀ ਜਾਨ ਬਚਾਅ ਕੇ ਇਲਾਹਾਬਾਦ ਤੇ ਕਾਨਪੁਰ ਦੇ ਕਿਲ੍ਹਿਆਂ ਵਿਚ ਪਹੁੰਚਣ ਵਿਚ ਸਫ਼ਲ ਰਹੇ। ਇੱਥੇ ਤਾਇਨਾਤ ਪੂਰਬੀ ਸਿਪਾਹੀਆਂ ਨੇ ਮਹਾਰਾਜਾ ਸਾਹਿਬ ਦੇ ਸਾਰੇ ਸਮਾਨ ਨੂੰ ਲੁੱਟ ਲਿਆ ਤੇ ਮਹੱਲ ਨੂੰ ਅੱਗ ਲਾ ਦਿੱਤੀ। ਬਜਾਏ ਇਸ ਦੇ ਕੇ ਉਹ ਆਪਣੇ ਹੀ ਦੇਸ਼ ਦੇ ਮਹਾਰਾਜੇ ਦੀ ਜਾਇਦਾਦ ਨੂੰ ਮਹਿਫ਼ੂਜ਼ ਰੱਖਣ ਲਈ ਕੋਈ ਕਦਮ ਚੁੱਕਦੇ, ਉਨ੍ਹਾਂ ਨੇ ਇਸ ਦੇ ਉਲਟ ਕਾਰਵਾਈ ਕਰਦਿਆਂ ਹੋਇਆਂ ਸਾਰੀ ਜਾਇਦਾਦ ਲੁੱਟ ਲਈ, ਇਹ ਜਾਣਦੇ ਹੋਏ ਵੀ ਇਹ ਇਕ ਪੰਜਾਬੀ ਅਤੇ ਸਿੱਖ ਮਹਾਰਾਜੇ ਦੀ ਜਾਇਦਾਦ ਹੈ। ਜਦੋਂ ਇਸ ਘਟਨਾ ਦਾ ਪਤਾ ਸਿੱਖਾਂ ਨੂੰ ਲੱਗਾ ਤਾਂ ਉਨ੍ਹਾਂ ਦੇ ਹਿਰਦੇ ਵਲੂੰਧਰੇ ਗਏ ਤੇ ਸਿੱਖ ਇਸ ਵਿਦਰੋਹ ਤੋਂ ਹੋਰ ਪਰ੍ਹਾਂ ਚਲੇ ਗਏ।

ਅਗਲਾ ਕਾਰਨ ਇਤਿਹਾਸ ਦੀ ਬੁੱਕਲ ਵਿਚੋਂ ਇਹ ਨਿਕਲਦਾ ਹੈ ਕਿ ਪੂਰਬ ਦੇ ਮੁਸਲਮਾਨ ਸਿਪਾਹੀ ਜਿਨ੍ਹਾਂ ਨੇ ਇਸ ਗ਼ਦਰ ਵਿਚ ਹਿਸਾ ਲਿਆ ਸੀ ਉਹ ਇਸ ਮਨੋਰਥ ਨਾਲ ਲੜੇ ਸਨ ਕਿ ਉਹ ਮੁੜ ਮੁਗ਼ਲ ਰਾਜ ਕਾਇਮ ਕਰ ਲੈਣਗੇ। ਇਸੇ ਲਈ ਹੀ ਉਹ ਬਹਾਦਰ ਸ਼ਾਹ ਦੇ ਝੰਡੇ ਹੇਠ ਇਕੱਠੇ ਹੋਏ ਤੇ ਉਸ ਨੂੰ ਆਪਣਾ ਨੇਤਾ ਐਲਾਨਿਆ। ਸਿੱਖ ਕਦੇ ਵੀ ਮੁਗ਼ਲ ਰਾਜ ਨੂੰ ਸੁਰਜੀਤ ਕਰਨ ਦੇ ਮਨੋਰਥ ਦੀ ਹਮਾਇਤ ਨਹੀਂ ਕਰ ਸਕਦੇ ਸਨ ਜਿਸ ਨੂੰ ਕਿ ਗ਼ਦਰੀ ਵਾਪਸ ਲਿਆਉਣ ਲਈ ਵਿਉਂਤਾਂ ਬਣਾ ਰਹੇ

ਸਨ। ਸਿੱਖ ਦੋ ਸੌ ਸਾਲ ਦੇ ਲਗਭਗ ਮੁਗ਼ਲ ਰਾਜ ਦੇ ਅੱਤਿਆਚਾਰ ਵਿਰੁੱਧ ਖ਼ੂਨ ਡੋਲ੍ਹਵੀਂ ਲੜਾਈ ਲੜੇ ਸਨ ਅਤੇ ਉਹ ਕਦੇ ਵੀ ਅਜਿਹੇ ਗਠਜੋੜ ਦੀ ਹਮਾਇਤ ਨਹੀਂ ਕਰ ਸਕਦੇ ਸਨ, ਜਿਸ ਨਾਲ ਕਿ ਫਿਰ ਉਹੀ ਮੁਗ਼ਲ ਸਿਤਮ ਉਨ੍ਹਾਂ ਦੇ ਸਿਰ ਫਿਰ ਘੂਕਣ ਲੱਗ ਪਏ। ਇਹ ਮੁਗ਼ਲ ਸ਼ਾਸਕ ਹੀ ਸਨ ਜਿਨ੍ਹਾਂ ਨੇ 'ਪੰਜਵੇਂ ਅਤੇ ਨੌਂਵੇਂ ਪਾਤਸ਼ਾਹ' ਅਤੇ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਦੇ 'ਲਾਲਾਂ' ਨੂੰ ਸਰਹਿੰਦ ਵਿਚ ਭਿਅੰਕਰ ਤਸੀਹੇ ਦੇ ਕੇ ਸ਼ਹੀਦ ਕਰਵਾਇਆ ਸੀ ਤੇ ਸਿੱਖ ਰਾਜ ਨੂੰ ਡੋਬਣ ਲਈ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ, ਜਿਸ ਦਾ ਜ਼ਿਕਰ ਪਹਿਲਾਂ ਕੀਤਾ ਜਾ ਚੁੱਕਾ ਹੈ।

ਅੰਗਰੇਜ਼ਾਂ ਨੇ ਵੀ ਸਿੱਖਾਂ ਨੂੰ ਗ਼ਦਰ ਵੇਲੇ ਇਨ੍ਹਾਂ ਇਤਿਹਾਸਕ ਘਟਨਾਵਾਂ ਦੇ ਰੂ-ਬਰੂ ਕਰਦਿਆਂ ਮੁਗ਼ਲਾਂ ਨਾਲ ਪੁਰਾਣੇ ਵੈਰ ਨੂੰ ਚੇਤੇ ਕਰਵਾਇਆ ਸੀ। ਉਸ ਸਮੇਂ ਦਿੱਲੀ ਸ਼ਹਿਰ ਦੀਆਂ ਦੀਵਾਰਾਂ 'ਤੇ ਕੁਝ ਇਸ ਤਰ੍ਹਾਂ ਦੇ ਇਸ਼ਤਿਹਾਰ ਵੀ ਲਾਏ ਗਏ ਸਨ ਜਿਨ੍ਹਾਂ ਵਿਚ ਮੁਗ਼ਲ ਬਾਦਸ਼ਾਹਾਂ ਦੇ ਹੁਕਮ ਕਿ "ਜਿੱਥੇ ਵੀ ਸਿੱਖ ਲੱਭਣ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਵੇ" ਆਦਿਕ ਨੂੰ ਦਰਸਾਇਆ ਗਿਆ ਸੀ। ਕੁਝ ਵੀ ਹੋਵੇ, ਸਿੱਖ ਕਦੇ ਵੀ ਆਪਣੇ ਆਪ ਨੂੰ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੀ ਸਹਾਇਤਾ ਲਈ ਤਿਆਰ ਨਹੀਂ ਕਰ ਸਕਦੇ, ਨਾ ਕਦੇ ਸਿੱਖਾਂ ਨੇ ਸੋਚਿਆ ਸੀ ਕਿ ਬਹਾਦਰ ਸ਼ਾਹ ਕਿਸੇ ਸੁਤੰਤਰਤਾ ਦੀ ਜੰਗ ਦੀ ਅਗਵਾਈ ਕਰ ਰਿਹਾ ਹੈ ਅਤੇ ਉਸ ਦੀ ਹਮਾਇਤ ਕਰਨਾ ਉਨ੍ਹਾਂ ਦਾ ਫ਼ਰਜ਼ ਹੈ, ਸਗੋਂ ਸਿੱਖਾਂ ਨੇ ਆਪਣਾ ਜ਼ੋਰ ਮੁਗ਼ਲ ਰਾਜ ਦੇ ਮੁੜ ਨਾ ਆਉਣ 'ਤੇ ਲਾਇਆ।

ਇਕ ਕਾਰਨ ਇਹ ਵੀ ਬਣਦਾ ਹੈ ਕਿ ਹੈਨਰੀ ਲਾਰੈਂਸ ਤੇ ਜੌਨ ਲਾਰੈਂਸ (ਦੋਵੇਂ ਭਰਾ) ਨੇ ਆਪਣੇ ਰਾਜ ਪ੍ਰਬੰਧਾਂ ਕਰਕੇ ਸਿੱਖਾਂ ਵਿਚ ਚੰਗੀ ਥਾਂ ਬਣਾ ਲਈ ਸੀ। ਗੁਰਦੁਆਰਿਆਂ ਤੇ ਧਰਮ ਦੇ ਕੰਮਾਂ ਲਈ ਸਿੱਖਾਂ ਵਿਚ ਕਿਸੇ ਕਿਸਮ ਦੀ ਦਖ਼ਲ-ਅੰਦਾਜ਼ੀ ਨਹੀਂ ਕੀਤੀ, ਸਗੋਂ ਇਕ ਕਾਨੂੰਨ ਪਾਸ ਕਰ ਦਿੱਤਾ ਗਿਆ ਜਿਸ ਦੇ ਤਹਿਤ ਸਿੱਖ ਸਿਪਾਹੀਆਂ ਲਈ ਸਿੱਖ ਧਰਮ ਅਨੁਸਾਰ ਦਾੜ੍ਹਾ ਕੇਸ ਰੱਖਣਾ ਅਤੇ ਅੰਮ੍ਰਿਤ ਛਕਣ ਨੂੰ ਜ਼ਰੂਰੀ ਕਰ ਦਿੱਤਾ ਗਿਆ। ਇਸ ਨਾਲ ਇਹ ਹੋਰ ਸਿੱਖਾਂ ਵਿਚ ਹਰਮਨ-ਪਿਆਰੇ ਹੋ ਗਏ। ਗੌਰਡਨ ਠੀਕ ਕਹਿੰਦਾ ਹੈ "ਇਹ ਇਕ ਤਕੜੀ ਨੀਂਹ ਸੀ ਜਿਸ ਉੱਤੇ ਪੰਜਾਬ ਦੇ ਰਾਜ ਪ੍ਰਬੰਧ ਦੀ ਉਸਾਰੀ ਕੀਤੀ ਗਈ ਸੀ ਜਿਸ ਨੇ ਅੰਗਰੇਜ਼ਾਂ ਨੂੰ ੧੮੫੭ ਵਿਚ ਇਸ ਧਰਤੀ ਉੱਤੇ ਆਈ ਹਨੇਰੀ ਦਾ ਟਾਕਰਾ ਕਰਨ ਦੇ ਯੋਗ ਬਣਾ ਦਿੱਤਾ।"

ਇਕ ਕਾਰਨ ਇਹ ਵੀ ਹੈ ਕਿ ਹੋਰਨਾਂ ਸੂਬਿਆਂ ਵਿਚ ਅੰਗਰੇਜ਼ ਲੰਬੇ ਸਮੇਂ ਤੋਂ ਰਾਜ ਕਰ ਰਹੇ ਸਨ ਅਤੇ ਪੰਜਾਬ ਉੱਤੇ ਉਨ੍ਹਾਂ ਦਾ ਕਬਜ਼ਾ ਹੁਣੇ-ਹੁਣੇ ਹੀ ਹੋਇਆ ਸੀ, ਜਿਸ ਕਰਕੇ ਵਿਦੇਸ਼ੀ ਰਾਜ ਦੀਆਂ ਬੁਰਿਆਈਆਂ ਨਾਲ ਸਿੱਖਾਂ ਦਾ ਅਜੇ ਵਾਹ-ਵਾਸਤਾ ਨਹੀਂ ਸੀ ਪਿਆ ਜਦ ਕਿ ਦੂਸਰੇ ਸੂਬਿਆਂ ਵਿਚ ਲੋਕ ਕਾਫ਼ੀ ਚਿਰ ਤੋਂ ਅੰਗਰੇਜ਼ਾਂ ਦੀ ਗ਼ੁਲਾਮੀ ਭੋਗ ਰਹੇ ਸਨ। ਇਸ ਲਈ ਜੇ ਗ਼ਦਰ ਕੁਝ ਸਮੇਂ ਬਾਅਦ ਹੁੰਦਾ ਤਾਂ ਸਿੱਖਾਂ ਨੇ ਬਿਨਾਂ ਸ਼ੱਕ ਉਸੇ ਉਤਸ਼ਾਹ ਅਤੇ ਲਗਨ ਨਾਲ ਹਿੱਸਾ ਪਾਉਣਾ ਸੀ, ਜਿਸ ਦੇ ਲਈ ਉਹ ਮਸ਼ਹੂਰ ਹਨ।

ਇਹ ਤੱਥ ਮੂੰਹੋਂ ਬੋਲਦੇ ਹਨ ਕਿ ਸਿੱਖ ਤੇ ਪੰਜਾਬ ਗ਼ਦਰ ਵਿਚ ਇਨ੍ਹਾਂ ਕਾਰਨਾਂ ਕਰਕੇ ਦੂਰ ਰਹੇ ਜਾਂ ਦੂਰ ਕਰ ਦਿੱਤੇ ਗਏ। ਸੰਨ ੧੯੪੭ ਦੀ ਵੰਡ ਤੋਂ ਪਹਿਲਾਂ ਸਿੱਖਾਂ ਦੀਆਂ ਅੰਗਰੇਜ਼ਾਂ ਖ਼ਿਲਾਫ਼ ਪੂਰੇ ਭਾਰਤ ਵਿਚੋਂ ਸਭ ਤੋਂ ਜ਼ਿਆਦਾ ਕੁਰਬਾਨੀਆਂ ਹਨ, ਇਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ। ਇਸ ਦੇ ਨਾਲ ਗੱਲ ਕਰਨੀ ਚਾਹਾਂਗੇ ਕਿ ਅਗਰ ਇਹ ਭਾਰਤ ਦੀ ਆਜ਼ਾਦੀ ਦੀ ਪਹਿਲੀ ਲੜਾਈ ਸੀ ਜਿਸ ਤਰ੍ਹਾਂ ਕਿ ਕੁਝ ਮਸਨੂਈ ਵਿਦਵਾਨਾਂ ਵਲੋਂ ਪ੍ਰਚਾਰਿਆ ਗਿਆ ਹੈ (ਅਸਲ ਵਿਚ ਸਿਰਫ਼ ਗ਼ਦਰ) ਜੋ ਸਿਰਫ਼ ਹਿੰਦੋਸਤਾਨ ਦੀ ੨੦% ਧਰਤੀ (ਡਾ. ਗੰਡਾ ਸਿੰਘ ਅਨੁਸਾਰ) 'ਤੇ ਲੜਿਆ ਗਿਆ, ਕਿਸ ਤਰ੍ਹਾਂ ਪੂਰੇ ਹਿੰਦੁਸਤਾਨ ਦੀ ਨੁਮਾਇੰਦਗੀ ਕਰ ਸਕਦਾ ਹੈ? ਆਖਿਰ ਨੂੰ ਕੀ ਪੈਮਾਨਾ ਹੈ ਜਿਸ ਨਾਲ ਕਿਸੇ ਵੀ ਘਟਨਾ ਜਾਂ ਵਿਦਰੋਹ ਨੂੰ ਇਹ ਲੋਕ 'ਆਜ਼ਾਦੀ ਦੀ ਜੰਗ' ਦਾ ਨਾਂਅ ਦਿੰਦੇ ਹਨ? ਜੇਕਰ ਇਹ ਆਜ਼ਾਦੀ ਦੀ ਲੜਾਈ ਸੀ ਤਾਂ ਬਾਬਾ ਬੰਦਾ ਸਿੰਘ ਬਹਾਦਰ ਦਾ ਮੁਗ਼ਲਾਂ ਨਾਲ ਲੜਾਈਆਂ ਕਰਨਾ ਤੇ ਆਖਰ ਨੂੰ ਸ਼ਹੀਦੀ ਪਾਏ ਜਾਣ ਨੂੰ ਕੀ ਕਹਾਂਗੇ? ਕੀ ਕੂਕਾ ਲਹਿਰ ਇਸ ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਨਹੀਂ ਸੀ? ਜਾਂ ਫ਼ਿਰ ਸਿੱਖਾਂ ਵਲੋਂ ਅੰਗਰੇਜ਼ਾਂ ਵਿਰੁੱਧ ਲੜੀਆਂ ਜੰਗਾਂ ਆਜ਼ਾਦੀ ਦੀਆਂ ਜੰਗਾਂ ਨਹੀਂ ਅਖਵਾ ਸਕਦੀਆਂ? ਕਿਉਂ ਪੂਰੇ ਹਿੰਦੁਸਤਾਨ ਦੀਆਂ ਦੇਸੀ ਪਲਟਣਾਂ ਬੈਰੂਨੀ ਤਾਕਤਾਂ ਦੇ ਨਾਲ ਜਾਂ ਅੰਗਰੇਜ਼ਾਂ ਅਤੇ ਮੁਗ਼ਲ ਸਾਮਰਾਜ ਦੇ ਨਾਲ ਹੋ ਕੇ ਸਿੱਖਾਂ ਦੇ ਖ਼ਿਲਾਫ਼ ਲੜੀਆਂ? ਇਸ ਬਾਰੇ ਗੌਰ ਅਤੇ ਖੋਜ ਕਰਨ ਦੀ ਲੋੜ ਹੈ।

ਆਖਰੀ ਗੱਲ ਕਰਨੀ ਚਾਹਾਂਗੇ ਕਿ ਬੇਸ਼ੱਕ ਜਥੇਬੰਦਕ ਤੌਰ 'ਤੇ ਸਿੱਖ ਇਸ ਗ਼ਦਰ ਤੋਂ ਦੂਰ ਰਹੇ ਹਨ ਪਰ ਜੇ ਇੱਥੇ ਉਨ੍ਹਾਂ ਵੀਰਾਂ ਦੀ ਗੱਲ ਨਾ ਕੀਤੀ ਜਿਨ੍ਹਾਂ ਨੇ ਆਪਣੇ ਤੌਰ 'ਤੇ ਇਸ ਵਿਦਰੋਹ ਵਿਚ ਹਿੱਸਾ ਲਿਆ ਕੁਝ ਸ਼ਹੀਦ ਹੋਏ ਤੇ ਕੁਝ ਜੀਵਨ ਭਰ ਲਈ ਕਾਲ ਕੋਠੜੀਆਂ ਵਿਚ ਡੱਕ ਦਿੱਤੇ ਗਏ ਤਾਂ ਬਿਨਾਂ ਸ਼ੱਕ ਉਨ੍ਹਾਂ ਨਾਲ ਬੇਇਨਸਾਫ਼ੀ ਹੋਵੇਗੀ। ਰੋਪੜ ਸ਼ਹਿਰ ਵਿਖੇ ਇਕ ਸਿੱਖ ਸੈਨਿਕ ਟੁਕੜੀ ਜਿਸ ਦੀ ਅਗਵਾਈ ਸਰਦਾਰ ਮੋਹਰ ਸਿੰਘ ਕਰ ਰਹੇ ਸਨ, ਨੇ ਖ਼ਾਲਸਈ ਨਿਸ਼ਾਨ ਸਾਹਿਬ ਲਹਿਰਾ ਕੇ ਬਗ਼ਾਵਤ ਦਾ ਐਲਾਨ ਕਰ ਦਿੱਤਾ। ਬਾਅਦ ਵਿਚ ਸਰਦਾਰ ਮੋਹਰ ਸਿੰਘ ਤੇ ਉਸ ਦੇ ੫ ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ ਅੰਬਾਲੇ ਵਿਚ ਸ਼ਰੇ-ਬਾਜ਼ਾਰ ਫ਼ਾਂਸੀ 'ਤੇ ਲਟਕਾ ਦਿੱਤਾ ਗਿਆ। (ਸ. ਅਜਮੇਰ ਸਿੰਘ) ਅੰਬਾਲੇ ਦੇ ਡਿਪਟੀ ਕਮਿਸ਼ਨਰ ਟੀ.ਡੀ. ਫੋਰਸਿਥ ਨੇ ਲਿਖਿਆ ਹੈ ਕਿ 'ਪੂਰੇ ਉਤਰੀ ਭਾਰਤ ਵਿਚ ਜਿਸ ਪਹਿਲੇ ਬੰਦੇ ਨੂੰ ਇਸ ਬਗ਼ਾਵਤ ਜਾਂ ਗ਼ਦਰ ਵਿਚ ਹਿੱਸਾ ਲੈਣ ਕਰਕੇ ਫ਼ਾਂਸੀ ਦਿੱਤੀ ਗਈ ਉਹ ਇਕ ਸਿੱਖ ਸਰਦਾਰ ਮੋਹਰ ਸਿੰਘ ਸੀ।'

੩ ਜੂਨ ੧੮੫੭ ਨੂੰ ੩੭ਵੀਂ ਦੇਸੀ ਪਲਟਣ ਜਿਸ ਨੂੰ ਕਿ 'ਲੁਧਿਆਣਾ ਸਿੱਖ' ਕਰਕੇ ਵੀ ਬੁਲਾਇਆ ਜਾਂਦਾ ਸੀ, ਨੇ ਬਨਾਰਸ ਵਿਚ ਬਗ਼ਾਵਤ ਦਾ ਝੰਡਾ ਖੜ੍ਹਾ ਕਰ ਦਿੱਤਾ। ਇਨ੍ਹਾਂ ਸਾਰੇ ਸਿੱਖ ਸਰਦਾਰਾਂ ਸਿਪਾਹੀਆਂ ਨੂੰ ਜਾਂ ਤਾਂ ਗੋਲੀ ਮਾਰ ਦਿੱਤੀ ਗਈ ਜਾਂ ਗ੍ਰਿਫ਼ਤਾਰ ਕਰਕੇ ਫ਼ਾਂਸੀ ਦੇ ਤਖ਼ਤੇ 'ਤੇ ਲਟਕਾ ਦਿੱਤਾ ਗਿਆ। ੪੦੦ ਦੇ ਕਰੀਬ ਸਿੱਖ ਸਿਪਾਹੀ ਬਰੇਲੀ ਤੋਂ ਗ੍ਰਿਫ਼ਤਾਰ ਕੀਤੇ ਗਏ ਤੇ ਉਨ੍ਹਾਂ ਨੂੰ ਜੀਵਨ ਭਰ ਲਈ ਕਾਲ-ਕੋਠੜੀਆਂ ਵਿਚ ਡੱਕ ਦਿੱਤਾ ਗਿਆ। ਝਾਂਸੀ ਦੀ ੧੨ਵੀ ਰਜਮੈਂਟ ਦੇ ੨੧ ਸਿੰਘਾਂ ਨੂੰ ਗੋਲੀਆਂ ਨਾਲ ਉਡਾ ਦਿੱਤਾ ਗਿਆ। ਮੱਧ ਪ੍ਰਦੇਸ ਦੇ ਮਾਓ ਸ਼ਹਿਰ ਦੀ ਫ਼ੌਜੀ ਛਾਉਣੀ ਵਿਚੋਂ ੮੦ ਸਿੱਖ ਸਿਪਾਹੀਆਂ ਨੂੰ ਗ੍ਰਿਫ਼ਤਾਰ ਕਰਕੇ ਆਗਰੇ ਦੀ ਜੇਲ੍ਹ ਵਿਚ ਡੱਕ ਦਿੱਤਾ ਗਿਆ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਸਿੱਖ ਸਿਪਾਹੀ ਹੋਣਗੇ ਜਿਨ੍ਹਾਂ ਨੇ ਇਸ ਵਿਦਰੋਹ ਵਿਚ ਭਾਗ ਲਿਆ ਅਤੇ ਆਪਾ ਕੁਰਬਾਨ ਕੀਤਾ ਹੋਵੇਗਾ। ਸਿੱਖ ਵਿਰੋਧੀ ਲੋਕਾਂ ਦੀਆਂ ਕਪਟ ਚਾਲਾਂ ਦੀ ਧੂੜ ਉਨ੍ਹਾਂ ਦੀਆਂ ਕੁਰਬਾਨੀਆਂ 'ਤੇ ਜੰਮੀ ਹੋਈ ਹੋਵੇਗੀ, ਉਸ ਨੂੰ ਸਾਫ਼ ਕਰਨ ਲਈ ਸਿੱਖ ਵਿਦਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਸਿੱਖ ਸਿਪਾਹੀਆਂ ਦੀ ਕੁਰਬਾਨੀ ਦੀ ਲੋਅ ਦੁਨੀਆ ਦੇ ਇਤਿਹਾਸ ਵਿਚ ਚਾਨਣ ਕਰ ਸਕੇ, ਅਸੀਂ ਇਨ੍ਹਾਂ ਸ਼ਹੀਦਾਂ ਨੂੰ ਸਿਜਦਾ ਕਰਦੇ ਹਾਂ।

# ਨੇਸ਼ਨ ਸਟੇਟ ਅੰਦਰ ਘੱਟ-ਗਿਣਤੀਆਂ ਦੀਆਂ ਤਕਦੀਰਾਂ

**ਅਜਮੇਰ ਸਿੰਘ**

**ਬਹੁ-ਕੌਮੀ ਜਾਂ ਬਹੁ-ਸੱਭਿਆਚਾਰੀ ਸਮਾਜਾਂ ਅੰਦਰ ਨੇਸ਼ਨ ਸਟੇਟ ਸੱਭਿਅਚਾਰਕ ਦ੍ਰਿਸ਼ਟੀ ਤੋਂ ਨਿਰਪੱਖ ਨਹੀਂ ਹੋ ਸਕਦੀ। ਇਹ ਬਹੁਗਿਣਤੀ ਦੇ ਸੱਭਿਆਚਾਰ ਦਾ ਮੁਜੱਸਮਾ ਹੁੰਦੀ ਹੈ। ਸਟੇਟ ਦਾ ਸੱਭਿਆਚਾਰ ਤੱਤ ਇਸ ਦੀ ਰਾਜਸੀ ਸੰਸਥਾਵਾਂ ਰਾਹੀਂ, ਇਸ ਦੁਆਰਾ ਸਰਕਾਰੀ ਭਾਸ਼ਾ ਦੀ ਕੀਤੀ ਚੋਣ ਰਾਹੀਂ ਅਤੇ ਚਿੰਨ੍ਹ ਖੇਤਰ ਅਰਥਾਤ ਕੌਮੀ ਨਾਇਕਾਂ, ਸਰਕਾਰੀ ਉਤਸਵਾਂ, ਸਰਕਾਰੀ ਛੁੱਟੀਆਂ, ਰਹੁ ਰੀਤਾਂ, ਰਾਜ ਵਲੋਂ ਬਖਸ਼ੇ ਜਾਂਦੇ ਇਨਾਮਾਂ ਤੇ ਸਨਮਾਨਾਂ ਦੇ ਨਾਮਕਰਨ ਆਦਿ ਰੂਪਾਂ ਵਿਚ ਪ੍ਰਗਟ ਹੁੰਦਾ ਹੈ। ਇਸ ਕਰਕੇ ਬਹੁ-ਕੌਮੀ, ਜਾਂ ਬਹੁ-ਸੱਭਿਆਚਾਰੀ ਰਾਜ ਦੇ ਅੰਦਰ ਸਰਬ-ਸਾਂਝੇ ਨਜ਼ਰੀਏ ਦਾ ਅਮਲੀ ਭਾਵ 'ਬਹੁਗਿਣਤੀ ਵਰਗ' ਦਾ ਨਜ਼ਰੀਆ ਹੀ ਹੁੰਦਾ ਹੈ। 'ਸਾਂਝਾ ਨਜ਼ਰੀਆ' ਪੈਦਾ ਕਰਨ ਦੇ ਅਮਲ ਦੌਰਾਨ ਘੱਟ-ਗਿਣਤੀਆਂ ਦੇ ਪਰਿਪੇਖਾਂ ਤੇ ਸੱਭਿਆਚਾਰਾਂ ਨੂੰ ਗੁੱਠੇ ਲਾ ਦਿੱਤਾ ਜਾਂਦਾ ਹੈ।**

ਪੁਰਾਣੇ ਜ਼ਮਾਨੇ ਦੀ ਦੇਸ਼-ਭਗਤੀ ਗ਼ੈਰ ਵਿਚਾਰਧਾਰਕ ਸੀ, ਪਰ ਰਾਸ਼ਟਰਵਾਦ ਇਕ ਨਿਸ਼ਚਿਤ ਵਿਚਾਰਧਾਰਾ ਹੈ, ਜਿਹੜੀ ਨੇਸ਼ਨ ਸਟੇਟ ਦੇ ਆਗੂਆਂ ਦੇ ਸਨਮੁਖ, ਰਾਜ ਦੀ ਜੂਹ ਅੰਦਰ ਵੱਸਦੇ ਸਾਰੇ ਲੋਕਾਂ ਨੂੰ ਇਕੋ ਇਕਹਿਰੀ ਕੌਮ ਦੇ ਸਾਂਚੇ ਵਿਚ ਢਾਲਣ ਦਾ ਰਾਜਸੀ ਟੀਚਾ ਮਿਥਦੀ ਹੈ। ਆਸ਼ੀਸ ਨੰਦੀ ਦੇ ਅਨੁਸਾਰ 'ਕੌਮ ਦੀ ਸਿਰਜਣਾ, ਸੱਭਿਆਚਾਰਕ ਤੇ ਵਿਚਾਰਧਾਰਕ ਇਕਪੂਰਤਾ ਲਈ ਵਰਤਿਆ ਜਾਂਦਾ ਨਰਮ ਪਦ ਹੈ।'

ਇਕਰੂਪਤਾ ਹਾਸਲ ਕਰਨ ਲਈ ਘੱਟ-ਗਿਣਤੀਆਂ ਨੂੰ ਜਾਂ ਤਾਂ ਬਾਹਰ ਧੱਕ ਦਿੱਤਾ ਜਾਂਦਾ ਹੈ, ਜਾਂ ਨਸਲਕੁਸ਼ੀ ਦੇ ਜ਼ਰੀਏ ਜਿਸਮਾਨੀ ਰੂਪ ਵਿਚ ਖ਼ਤਮ ਕਰ ਦਿੱਤਾ ਜਾਂਦਾ ਹੈ, ਅਤੇ ਜਾਂ ਸਹਿਜੇ ਸਹਿਜੇ 'ਰਾਸ਼ਟਰੀ ਮੁੱਖ-ਧਾਰਾ' (ਬਹੁਗਿਣਤੀ ਲਈ ਵਰਤੀ ਜਾਂਦੀ ਸੰਕੇਤਕ ਸ਼ਬਦਾਵਲੀ) ਵਿਚ ਜਜ਼ਬ ਕਰ ਲਿਆ ਜਾਂਦਾ ਹੈ।

ਸੱਭਿਆਚਾਰਕ ਵੰਨ-ਸੁਵੰਨਤਾ, ਨੇਸ਼ਨ ਸਟੇਟ ਦੇ ਆਗੂਆਂ ਦੇ ਮਨਾਂ ਅੰਦਰ ਚਿੰਤਾ ਪੈਦਾ ਕਰਦੀ ਹੈ। ਇਸ ਨੂੰ 'ਰਾਸ਼ਟਰੀ ਏਕਤਾ ਤੇ ਅਖੰਡਤਾ' ਲਈ ਖ਼ਤਰੇ ਵਜੋਂ ਵੇਖਿਆ ਜਾਂਦਾ ਹੈ। ਇਸ ਕਰਕੇ ਨੇਸ਼ਨ ਸਟੇਟ ਦੇ ਆਗੂ ਨਿਰੰਤਰ ਅਸੁਰੱਖਿਆ ਦੇ ਭੈਅ ਹੇਠ ਰਹਿੰਦੇ ਹਨ। ਇਸ ਭੈਅ ਤੋਂ ਮੁਕਤ ਹੋਣ ਲਈ ਉਹ ਨੈਸ਼ਨਲਿਜ਼ਮ (ਰਾਸ਼ਟਰਵਾਦ) ਦਾ ਆਸਰਾ ਤੱਕਦੇ ਹਨ। ਜਦੋਂ ਲੋਕਾਂ ਅੰਦਰ ਸਟੇਟ ਦੀ ਉਚਿਤਤਾ ਬਾਰੇ ਸ਼ੰਕੇ ਤੇ ਸਵਾਲ ਖੜ੍ਹੇ ਹੋਣ ਲੱਗਦੇ ਹਨ ਤਾਂ ਰਾਜ ਦੀ ਰੱਖਿਆ ਲਈ 'ਰਾਸ਼ਟਰਵਾਦ' ਸਭ ਤੋਂ ਬਿਹਤਰ ਗਾਰੰਟੀ ਬਣਦਾ ਹੈ। ਰਾਜ-ਭਾਗ ਉੱਤੇ ਕਾਬਜ਼ ਵਰਗ, ਰਾਜ ਦੀ ਅਸਥਿਰਤਾ ਤੇ ਆਪਣੀ ਅਸੁਰੱਖਿਆ ਦਾ ਹੱਲ ਰਾਸ਼ਟਰਵਾਦ 'ਚੋਂ ਲੱਭਦੇ ਹਨ।

ਸਟੇਟ ਦੀ ਸੁਰੱਖਿਆ ਹਾਕਮਾਂ ਦਾ 'ਸ਼੍ਰੋਮਣੀ ਸਰੋਕਾਰ' ਬਣ ਜਾਂਦਾ ਹੈ। ਅਸੁਰੱਖਿਆ ਦਾ ਡਰ ਉਨ੍ਹਾਂ ਦੇ ਮਨਾਂ ਅੰਦਰ ਇਸ ਕਦਰ ਵੱਸ ਜਾਂਦਾ ਹੈ ਕਿ ਉਹ ਮਾਨਸਿਕ ਉਨਮਾਦ ਦਾ ਸ਼ਿਕਾਰ ਹੋ ਜਾਂਦੇ ਹਨ। ਉਹ ਵਿਰੋਧ ਨੂੰ ਕਰੂਰਤਾ ਨਾਲ ਕੁਚਲ ਦੇਣ ਦਾ ਹਿੰਸਕ ਰੁਖ਼ ਅਖ਼ਤਿਆਰ ਕਰ ਲੈਂਦੇ ਹਨ। ਰਾਜ ਦੀ ਹਿੰਸਾ ਨੂੰ ਰਾਸ਼ਟਰ ਦੇ ਹਿੱਤਾਂ ਲਈ ਜ਼ਰੂਰੀ ਕਹਿ ਕੇ ਵਾਜਬ ਠਹਿਰਾਇਆ ਜਾਂਦਾ ਹੈ। ਦੇਸ਼ ਦੇ ਲੋਕਾਂ ਨੂੰ 'ਦੇਸ਼ ਭਗਤ' ਨਾਗਰਿਕਾਂ ਵਜੋਂ ਰਾਜ ਦੀ ਹਿੰਸਾ ਨੂੰ ਬਰਦਾਸ਼ਤ ਕਰਨ, ਇਸ ਦੀ ਹਮਾਇਤ ਕਰਨ, ਇਸ ਨੂੰ 'ਜ਼ਰੂਰੀ ਬੁਰਾਈ' ਵਜੋਂ ਸਹਿਣ ਜਾਂ ਨਜ਼ਰ ਅੰਦਾਜ਼ ਕਰਨ ਲਈ ਰਜ਼ਾਮੰਦ ਤੇ ਪ੍ਰੇਰਿਤ ਕੀਤਾ ਜਾਂਦਾ ਹੈ। ਸਮਾਜ ਦੇ ਜਿਹੜੇ ਵਰਗ ਸਟੇਟ ਦੀਆਂ ਆਰਥਿਕ ਨੀਤੀਆਂ ਦੇ ਕੱਟੜ ਆਲੋਚਕ ਹੁੰਦੇ ਹਨ, ਉਹ ਵੀ 'ਕੌਮੀ ਸੁਰੱਖਿਆ' ਦੇ ਮਸਲੇ ਤੇ ਸਟੇਟ ਦੇ ਦ੍ਰਿੜ੍ਹ ਹਮਾਇਤੀ ਬਣ ਜਾਂਦੇ ਹਨ। ਰਾਸ਼ਟਰਵਾਦ ਦੀ ਵਿਚਾਰਧਾਰਾ ਉਨ੍ਹਾਂ ਨੂੰ ਜ਼ਾਲਮ ਤੇ ਅਨਿਆਂਪੂਰਨ ਰਾਜ ਦੇ ਭਾਈਵਾਲ ਬਣਾ ਦਿੰਦੀ ਹੈ।

ਕੌਮੀ ਸੁਰੱਖਿਆ ਦਾ ਅਸਲੀ ਭਾਵ 'ਰਾਜ ਦੀ ਸੁਰੱਖਿਆ' ਹੁੰਦਾ ਹੈ। ਇਸ ਲਈ ਰਾਜ ਦੀ ਫ਼ੌਜੀ ਸਮਰੱਥਾ ਵਿਚ ਲਗਾਤਾਰ ਵਾਧਾ ਕੀਤਾ ਜਾਂਦਾ ਹੈ। ਰਾਜ ਦੀ ਸੁਰੱਖਿਆ ਕਰਨ ਲਈ ਫ਼ੌਜੀ ਬਲਾਂ ਦੀ ਸੰਖਿਆ ਤੇ ਗੁਣਵਤਾ ਵਿਚ ਲਗਾਤਾਰ ਇਜ਼ਾਫ਼ਾ ਕੀਤਾ ਜਾਂਦਾ ਹੈ। ਇਨ੍ਹਾਂ ਬਲਾਂ ਨੂੰ ਮਾਰੂ ਹਥਿਆਰਾਂ ਨਾਲ ਲੈੱਸ ਕੀਤਾ ਜਾਂਦਾ ਹੈ। ਇਨ੍ਹਾਂ ਨੂੰ 'ਸੁਰੱਖਿਆ ਬਲਾਂ' ਦਾ ਸਨਮਾਨਜਨਕ ਨਾਂਅ ਦਿੱਤਾ ਜਾਂਦਾ ਹੈ, ਪਰ ਹਕੀਕਤ ਵਿਚ ਇਹ ਬਲ 'ਲੋਕਾਂ' ਦੀ ਨਹੀਂ, 'ਰਾਜ' ਦੀ ਸੁਰੱਖਿਆ ਕਰਦੇ ਹਨ। ਲੋਕਾਂ ਲਈ ਇਹ ਅਸੁਰੱਖਿਆ ਪੈਦਾ ਕਰਦੇ ਹਨ। ਰਾਜ ਦੀ ਸੈਨਿਕ ਸ਼ਕਤੀ ਵਿਚ ਵਾਧਾ ਕਰਨ ਦੇ ਨਾਲੋ ਨਾਲ, ਸੱਭਿਆਚਾਰਕ ਮਨਸੂਬਾਬੰਦੀ ਦੇ ਜ਼ਰੀਏ ਸੱਭਿਆਚਾਰਕ ਇਕਰੂਪਤਾ ਹਾਸਲ ਕਰਨ ਦੇ ਵਿਆਪਕ ਯਤਨ ਕੀਤੇ ਜਾਂਦੇ ਹਨ।

ਆਧੁਨਿਕ ਰਾਜਾਂ ਦੀ ਸਥਿਰਤਾ ਤੇ ਸੁਰੱਖਿਆ ਲਈ ਦੇਸ਼ ਦੇ ਲੋਕਾਂ ਦੇ ਜੀਵਨ ਨੂੰ ਰਾਜ ਦੀ ਵਿਚਾਰਧਾਰਾ ਦੇ ਅਨੁਸਾਰ ਢਾਲਿਆ ਜਾਂਦਾ ਹੈ। ਇਸ ਵਿਚਾਰਧਾਰਾ ਨੂੰ ਸਮਾਜਿਕ ਤੇ ਰਾਸ਼ਟਰੀ ਜੀਵਨ ਵਿਚ ਅਮਲੀ ਰੂਪ ਦੇਣ ਲਈ ਕੁਝ ਬੁਨਿਆਦੀ ਨਿਯਮ ਤੈਅ ਕੀਤੇ ਤੇ

ਸਖ਼ਤੀ ਨਾਲ ਲਾਗੂ ਕੀਤੇ ਜਾਂਦੇ ਹਨ। ਇਸ ਮੰਤਵ ਲਈ ਸੰਵਿਧਾਨ ਸਭ ਤੋਂ ਅਸਰਦਾਰ ਵਸੀਲਾ ਬਣਦਾ ਹੈ। ਸੰਵਿਧਾਨ ਰਾਜ ਦੀ ਵਿਚਾਰਧਾਰਾ ਨੂੰ ਅਮਲੀ ਰੂਪ ਦੇਣ ਵਾਲਾ ਦਸਤਾਵੇਜ਼ ਹੁੰਦਾ ਹੈ। ਜਿਹੜੇ ਆਦਰਸ਼ ਤੇ ਕਦਰਾਂ ਕੀਮਤਾਂ ਸੰਵਿਧਾਨ ਵਿਚ ਦਰਜ ਹੋ ਜਾਂਦੀਆਂ ਹਨ, ਸਮਾਜ ਦੀਆਂ ਸਮਾਜੀ ਤੇ ਰਾਜਸੀ ਸੰਸਥਾਵਾਂ ਉਨ੍ਹਾਂ ਅਨੁਸਾਰ ਹੀ ਸਿਰਜੀਆਂ ਤੇ ਤਰਾਸ਼ੀਆਂ ਜਾਂਦੀਆਂ ਹਨ। ਰਾਜ ਦਾ ਸਮੂਹਿਕ ਜੀਵਨ ਇਸੇ ਅਨੁਸਾਰ ਢਾਲਿਆ ਜਾਂਦਾ ਹੈ। ਇਸ ਵਾਸਤੇ ਦੇਸ਼ ਦੇ ਲੋਕਾਂ ਅੰਦਰ ਸੰਵਿਧਾਨ ਦੀ ਪੂਰੀ ਪੈਂਠ ਬਣਾਈ ਜਾਂਦੀ ਹੈ। ਇਸ ਨੂੰ ਪਵਿੱਤਰਤਾ ਦਾ ਦਰਜਾ ਦਿੱਤਾ ਜਾਂਦਾ ਹੈ। ਰਵਾਇਤੀ ਸਮਾਜਾਂ ਅੰਦਰ ਜਿਹੜੀ ਭੂਮਿਕਾ ਧਰਮ ਦੀ ਹੁੰਦੀ ਸੀ, ਆਧੁਨਿਕ ਰਾਜਾਂ ਅੰਦਰ ਓਹੀ ਭੂਮਿਕਾ ਰਾਜ ਦੀ (ਸਰਕਾਰੀ) ਵਿਚਾਰਧਾਰਾ ਦੀ ਹੈ।

ਸੰਵਿਧਾਨ ਦੀ ਪਦਵੀ ਸੈਕੂਲਰ ਧਰਮ ਗ੍ਰੰਥ ਵਾਲੀ ਹੈ। ਲੋਕਾਂ ਦੇ ਮਨਾਂ ਅੰਦਰ ਇਸ ਪ੍ਰਤੀ ਗੂੜ੍ਹਾ ਵਿਸ਼ਵਾਸ ਤੇ ਭਗਤੀ ਭਾਵ ਪੈਦਾ ਕੀਤਾ ਜਾਂਦਾ ਹੈ। ਰਾਜ ਦੇ ਹਰੇਕ ਨਾਗਰਿਕ ਨੂੰ ਸੰਵਿਧਾਨ ਦੀ ਪਾਲਣਾ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਦੀ ਉਲੰਘਣਾ ਗੰਭੀਰ ਜੁਰਮ ਕਰਾਰ ਦਿੱਤਾ ਜਾਂਦਾ ਹੈ, ਜਿਸ ਬਦਲੇ ਕਠੋਰ ਸਜ਼ਾਵਾਂ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਸੰਵਿਧਾਨ ਦੇ ਜ਼ਰੀਏ ਦੇਸ਼ ਦੇ ਸਮੁੱਚੇ ਲੋਕਾਂ ਦਾ ਜੀਵਨ ਕੰਟਰੋਲ ਤੇ ਨਿਯਮਤ ਕੀਤਾ ਜਾਂਦਾ ਹੈ, ਇਸ ਨੂੰ ਇਕ ਵਿਸ਼ੇਸ਼ ਤਰਜ਼ ਉੱਤੇ ਢਾਲਿਆ ਜਾਂਦਾ ਹੈ। ਇਹ ਕਾਰਜ ਨਿਰੋਲ ਰਾਜ ਦੀਆਂ ਰਸਮੀ ਸੰਸਥਾਵਾਂ ਦੁਆਰਾ ਹੀ ਨਹੀਂ ਨਿਭਾਇਆ ਜਾਂਦਾ, ਬਲਕਿ ਗ਼ੈਰ-ਰਸਮੀ ਸੰਸਥਾਵਾਂ (ਜਿਵੇਂ ਕਿ ਪ੍ਰਚਾਰ ਪ੍ਰਸਾਰ ਦੇ ਸਾਧਨਾਂ-ਅਖ਼ਬਾਰਾਂ, ਟੈਲੀਵਿਯਨਾਂ, ਫ਼ਿਲਮਾਂ ਆਦਿ ਰਾਜਸੀ ਦਲਾਂ, ਵੱਖ-ਵੱਖ ਵੰਨਗੀ ਦੀਆਂ ਸਮਾਜੀ ਤੇ ਸੱਭਿਆਚਾਰਕ ਸੰਸਥਾਵਾਂ ਤੇ ਸੰਗਠਨਾਂ) ਦੁਆਰਾ ਵੀ ਨਿਭਾਇਆ ਜਾਂਦਾ ਹੈ। ਦੇਸ਼ ਦੇ ਲੋਕਾਂ ਦੇ ਰਾਜਨੀਤਕ ਉਦੇਸ਼ਾਂ ਤੇ ਵਿਸ਼ਵਾਸਾਂ ਬਾਰੇ 'ਆਮ ਸਹਿਮਤੀ' ਪੈਦਾ ਕਰਨ ਦੇ ਸਿਰਤੋੜ ਯਤਨ ਕੀਤੇ ਜਾਂਦੇ ਹਨ।

ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਦਿੱਤੀ ਜਾਂਦੀ ਸਿੱਖਿਆ ਦਾ ਮੂਲ ਉਦੇਸ਼ ਲੋਕਾਂ ਦੇ ਮਨਾਂ ਵਿਚ ਰਾਜ ਦੀ ਵਿਚਾਰਧਾਰਾ ਦੇ ਮੁੱਖ ਤੱਤਾਂ (ਰਾਸ਼ਟਰਵਾਦ, ਰਾਸ਼ਟਰੀ ਸੁਰੱਖਿਆ, ਰਾਸ਼ਟਰੀ ਏਕਤਾ ਤੇ ਅਖੰਡਤਾ, ਤਰਕਸ਼ੀਲਤਾ, ਵਿਗਿਆਨ ਤੇ ਤਕਨਾਲੋਜੀ ਵਿਚ ਪੂਰਨ ਸ਼ਰਧਾ ਆਦਿ) ਵਿਚ ਵਿਸ਼ਵਾਸ ਤੇ ਸ਼ਰਧਾ ਭਾਵ ਪੈਦਾ ਕਰਨਾ ਹੁੰਦਾ ਹੈ। ਇਸ ਮੰਤਵ ਲਈ ਸੰਚਾਰ ਦੇ ਸਾਧਨਾਂ (ਪ੍ਰੈੱਸ, ਟੈਲੀਵਿਯਨ, ਇੰਟਰਨੈੱਟ ਆਦਿ) ਦੀ ਅਸਰਦਾਰ ਵਰਤੋਂ ਕੀਤੀ ਜਾਂਦੀ ਹੈ। ਰਾਜ ਦੀ ਜੂਹ ਅੰਦਰ ਰਹਿੰਦੇ ਸਾਰੇ ਲੋਕਾਂ ਵਲੋਂ ਸਾਂਝਾ ਨਜ਼ਰੀਆ ਅਪਨਾਉਣ ਦੀ ਮੰਗ ਕੀਤੀ ਜਾਂਦੀ ਹੈ।

ਬਹੁ-ਕੌਮੀ ਜਾਂ ਬਹੁ-ਸੱਭਿਆਚਾਰੀ ਸਮਾਜਾਂ ਅੰਦਰ ਨੇਸ਼ਨ ਸਟੇਟ ਸੱਭਿਅਚਾਰਕ ਦ੍ਰਿਸ਼ਟੀ ਤੋਂ ਨਿਰਪੱਖ ਨਹੀਂ ਹੋ ਸਕਦੀ। ਇਹ ਬਹੁਗਿਣਤੀ ਦੇ ਸੱਭਿਆਚਾਰ ਦਾ ਮੁਜੱਸਮਾ ਹੁੰਦੀ ਹੈ। ਸਟੇਟ ਦਾ ਸੱਭਿਆਚਾਰ ਤੱਤ ਇਸ ਦੀ ਰਾਜਸੀ ਸੰਸਥਾਵਾਂ ਰਾਹੀਂ, ਇਸ ਦੁਆਰਾ ਸਰਕਾਰੀ ਭਾਸ਼ਾ ਦੀ ਕੀਤੀ ਚੋਣ ਰਾਹੀਂ ਅਤੇ ਚਿੰਨ੍ਹ ਖੇਤਰ ਅਰਥਾਤ ਕੌਮੀ ਨਾਇਕਾਂ, ਸਰਕਾਰੀ ਉਤਸਵਾਂ, ਸਰਕਾਰੀ ਛੁੱਟੀਆਂ, ਰਹੁ ਰੀਤਾਂ, ਰਾਜ ਵਲੋਂ ਬਖਸ਼ੇ ਜਾਂਦੇ ਇਨਾਮਾਂ ਤੇ ਸਨਮਾਨਾਂ ਦੇ ਨਾਮਕਰਨ ਆਦਿ ਰੂਪਾਂ ਵਿਚ ਪ੍ਰਗਟ ਹੁੰਦਾ ਹੈ। ਇਸ ਕਰਕੇ ਬਹੁ-ਕੌਮੀ, ਜਾਂ ਬਹੁ-ਸੱਭਿਆਚਾਰੀ ਰਾਜ ਦੇ ਅੰਦਰ ਸਰਬ-ਸਾਂਝੇ ਨਜ਼ਰੀਏ ਦਾ ਅਮਲੀ ਭਾਵ 'ਬਹੁਗਿਣਤੀ ਵਰਗ' ਦਾ ਨਜ਼ਰੀਆ ਹੀ ਹੁੰਦਾ ਹੈ। 'ਸਾਂਝਾ ਨਜ਼ਰੀਆ' ਪੈਦਾ ਕਰਨ ਦੇ ਅਮਲ ਦੌਰਾਨ ਘੱਟ-ਗਿਣਤੀਆਂ ਦੇ ਪਰਿਪੇਖਾਂ ਤੇ ਸੱਭਿਆਚਾਰਾਂ ਨੂੰ ਗੁੱਠੇ ਲਾ ਦਿੱਤਾ ਜਾਂਦਾ ਹੈ।

## ਦੇਸ਼-ਭਗਤੀ ਤੇ ਗ਼ੱਦਾਰੀ ਦੀ ਹਿੰਦੂਵਾਦੀ ਧਾਰਨਾ

ਪਿਛਲੇ ਦੋ ਕੁ ਦਹਾਕਿਆਂ ਦੇ ਦੌਰਾਨ, ਕਈ ਸਾਰੇ ਸਥਾਨਕ ਤੇ ਕੌਮਾਂਤਰੀ ਤੱਥਾਂ ਦੇ ਜੋੜ ਮੇਲ ਸਦਕਾ, ਸੈਕੂਲਰ ਰਾਸ਼ਟਰਵਾਦ ਦੀ ਸ਼ਾਖ ਨੂੰ ਵੱਡੇ ਪੱਧਰ ਉੱਤੇ ਖੋਰਾ ਪੈ ਜਾਣ ਕਰਕੇ, ਧਰਮ ਨਿਰਲੇਪਤਾ ਦੇ ਲਿਬਾਸ ਤੋਂ ਮੁਕਤ ਹਿੰਦੂ ਰਾਸ਼ਟਰਵਾਦ ਭਾਰਤ ਅੰਦਰ ਮੁੱਖ ਰਾਜਸੀ ਤਾਕਤ ਦੇ ਰੂਪ ਵਿਚ ਉੱਭਰ ਆਉਣ ਵਿਚ ਸਫਲ ਹੋ ਨਿੱਬੜਿਆ ਹੈ।

ਬਰਤਾਨਵੀਆਂ ਨੇ ਭਾਰਤ ਅੰਦਰ ਮੁਸਲਿਮ ਰਾਠਸ਼ਾਹੀ ਕੋਲੋਂ ਸੱਤਾ ਖੋਹੀ ਸੀ, ਇਸ ਕਰਕੇ ਬਸਤੀਵਾਦ ਦੇ ਪਹਿਲੇ ਦੌਰ ਅੰਦਰ ਬਸਤੀਵਾਦੀ ਹਾਕਮਾਂ ਨੇ, ਆਪਣੇ ਰਾਜ ਦੀ ਮਜ਼ਬੂਤੀ ਤੇ ਸਥਿਰਤਾ ਲਈ, ਮੁਸਲਿਮ ਰਾਠਸ਼ਾਹੀ ਨੂੰ ਬਲਹੀਣ ਕਰਨ ਦੀ ਰਣਨੀਤੀ ਅਪਣਾਈ। ਇਸ ਵਿਚੋਂ ਉਨ੍ਹਾਂ ਸਾਹਮਣੇ ਹਿੰਦੂ ਕੁਲੀਨ ਵਰਗ ਨਾਲ ਸਾਂਝ ਭਿਆਲੀ ਪਾਉਣ ਦੀ ਜ਼ਰੂਰੀ ਰਾਜਸੀ ਲੋੜ ਪੈਦਾ ਹੋ ਗਈ ਸੀ।

ਇਸ ਤਰ੍ਹਾਂ, ਲਗਭਗ ਇਕ ਸਦੀ ਤੱਕ ਬਸਤੀਵਾਦੀ ਹਾਕਮਾਂ ਤੇ ਹਿੰਦੂ ਕੁਲੀਨ ਵਰਗਾਂ ਵਿਚਕਾਰ ਸਾਂਝ, ਅਪਣੱਤ ਤੇ ਮਿਲਵਰਤਣ ਦਾ ਮਾਹੌਲ ਬਣਿਆ ਰਿਹਾ। ਹਿੰਦੂ ਕੁਲੀਨ ਵਰਗਾਂ ਨੇ, ਆਪਣੇ ਜਮਾਂਦਰੂ ਖਾਸੇ ਅਨੁਸਾਰ, ਇਸ ਸਥਿਤੀ ਦਾ ਭਰਪੂਰ ਲਾਭ ਉਠਾਇਆ। ਬਸਤੀਵਾਦੀ ਹਾਕਮਾਂ ਦੀ ਮਦਦ ਤੇ ਸਰਪ੍ਰਸਤੀ ਦੀ ਬਦੌਲਤ ਉਨ੍ਹਾਂ ਨੇ ਆਪਣੀ ਸਮਾਜੀ ਆਰਥਿਕ ਹੈਸੀਅਤ ਵਿਚ ਚੋਖਾ ਇਜ਼ਾਫਾ ਕੀਤਾ।

ਪਰੰਤੂ ੧੮੫੭ ਦੇ ਘਟਨਾਕ੍ਰਮ ਨੇ ਇਸ ਸਮੀਕਰਨ ਨੂੰ ਵਿਗਾੜ ਦਿੱਤਾ। ਹਿੰਦੂ ਕੁਲੀਨ ਵਰਗਾਂ ਲਈ ਪਹਿਲਾਂ ਵਾਂਗ ਬਸਤੀਵਾਦ ਰਾਜ ਦੀ ਪੁਸ਼ਤਪਨਾਹੀ ਦਾ ਆਰਥਿਕ ਤੇ ਰਾਜਸੀ ਲਾਭ ਉਠਾ ਸਕਣਾ ਸੰਭਵ ਨਾ ਰਿਹਾ। ਦੂਜੇ ਪਾਸੇ, ਹਿੰਦੂ ਸਵਰਨ ਜਾਤੀਆਂ ਦੀ ਆਰਥਿਕ ਲੁੱਟ-ਖਸੁੱਟ ਤੇ ਸਮਾਜੀ ਗ਼ਲਬੇ ਦੇ ਸਤਾਏ ਦਲਿਤ ਤੇ ਆਦਿ-ਵਾਸੀ ਵਰਗਾਂ ਨੇ ਇਸ ਸਥਿਤੀ ਦਾ ਫ਼ਾਇਦਾ ਲੈਂਦੇ ਹੋਏ, ਆਪਣੀ ਸੁਰੱਖਿਆ ਤੇ ਬਿਹਤਰੀ ਲਈ ਬਸਤੀਵਾਦੀ ਰਾਜ ਤੇ ਇਸ ਦੀਆਂ ਸੰਸਥਾਵਾਂ ਦੀ ਮਦਦ ਤੇ ਓਟ ਲੈਣੀ ਸ਼ੁਰੂ ਕਰ ਦਿੱਤੀ। ਇਸੇ ਤਰ੍ਹਾਂ ਹਿੰਦੂ ਬਹੁ-ਗਿਣਤੀ ਦੀਆਂ ਗ਼ਲਬਾ-ਪ੍ਰਸਤ ਰੁਚੀਆਂ ਤੋਂ ਅਸੁਰੱਖਿਅਤ ਮਹਿਸੂਸ ਕਰ ਰਹੇ ਘੱਟ-ਗਿਣਤੀ ਧਾਰਮਿਕ ਭਾਈਚਾਰਿਆਂ ਅੰਦਰ ਵੀ, ਆਪਣੇ ਬਚਾਉ ਵਾਸਤੇ ਬਸਤੀਵਾਦੀ ਰਾਜ ਦੀ ਹਮਾਇਤ ਤੇ ਓਟ-ਆਸਰਾ ਲੈਣ ਦਾ ਝੁਕਾਅ ਪੈਦਾ ਹੋ ਗਿਆ। ਇਸ ਨਾਲ ਹਿੰਦੂ ਉੱਚ ਜਾਤੀਆਂ ਅੰਦਰ ਸਾੜੇ ਤੇ ਸ਼ਰੀਕੇ ਦੀ ਅੱਗ ਬਲ ਉੱਠੀ। ਉਨ੍ਹਾਂ ਨੇ ਆਪਣੇ ਹਿੱਤਾਂ ਦੇ ਅਨੁਕੂਲ 'ਦੇਸ਼-ਭਗਤੀ' ਤੇ 'ਗ਼ੱਦਾਰੀ' ਵਿਚਕਾਰ ਨਿਖੇੜੇ ਦਾ ਲਾਹੇਵੰਦਾ ਸੂਤਰ ਘੜ ਲਿਆ।

ਬਸਤੀਵਾਦੀ ਰਾਜ ਦੇ ਵਿਰੋਧ ਨੂੰ 'ਦੇਸ਼-ਭਗਤੀ' ਦਾ ਸਨਮਾਨਯੋਗ ਲਕਬ ਦੇ ਦਿੱਤਾ ਗਿਆ, ਅਤੇ ਬਸਤੀਵਾਦੀ ਰਾਜ ਨਾਲ ਕਿਸੇ ਵੀ ਕਿਸਮ ਦੇ ਸਹਿਯੋਗ ਨੂੰ 'ਦੇਸ਼ ਨਾਲ ਗ਼ੱਦਾਰੀ' ਦਾ ਰਾਜਸੀ ਕੁਕਰਮ ਕਰਾਰ ਦੇ ਦਿੱਤਾ। ਇਸ ਤਰ੍ਹਾਂ ਬਸਤੀਵਾਦੀ ਰਾਜ ਦੇ ਵਿਰੋਧ ਨੂੰ ਪਰਮ ਵਿਸ਼ੇਸ਼ ਗੁਣ ਦਾ ਦਰਜਾ ਦੇ ਦਿੱਤਾ ਗਿਆ। ਹਿੰਦੂ ਸਵਰਨ ਜਾਤੀਆਂ

ਵਲੋਂ ਬਸਤੀਵਾਦ ਵਿਰੋਧੀ ਸੰਘਰਸ਼ ਅੰਦਰ ਦੂਸਰਿਆਂ ਨੂੰ ਭੰਡਣ ਲਈ ਇਸ ਸੂਤਰ ਦੀ ਨਿਰਸੰਕੋਚ ਤੇ ਨਿਰਲੱਜ ਵਰਤੋਂ ਕੀਤੀ ਗਈ। ਅਜਿਹਾ ਕਰਨ ਵੇਲੇ, ਲਗਭਗ ਇਕ ਸੌ ਸਾਲ ਤੱਕ ਹਿੰਦੂ ਕੁਲੀਨ ਵਰਗ ਦੇ ਬਸਤੀਵਾਦੀ ਰਾਜ ਨਾਲ ਰਹੇ ਅਪਣੱਤ ਭਰੇ ਰਿਸ਼ਤੇ ਤੇ ਭਾਈਵਾਲੀ ਦੇ ਅਣਸੁਖਾਵੇਂ ਤੱਥ ਨੂੰ ਮੱਕਾਰੀ ਨਾਲ ਛੁਪਾ ਲਿਆ ਗਿਆ।

ਮੁੱਢ ਤੋਂ ਹੀ ਭਾਰਤ ਅੰਦਰ ਬਸਤੀਵਾਦ ਵਿਰੋਧੀ ਸੰਘਰਸ਼ ਦੀ ਅਗਵਾਈ ਸਵਰਨ ਜਾਤੀ ਹਿੰਦੂ ਕੁਲੀਨ ਵਰਗ ਦੇ ਹੱਥਾਂ ਵਿਚ ਰਹੀ। ਇਸ ਕਰਕੇ ਭਾਰਤੀ ਰਾਸ਼ਟਰਵਾਦ ਦਾ ਸਮੁੱਚਾ ਬਿਰਤਾਂਤ ਇਸ ਵਰਗ ਨੇ ਹੀ ਸਿਰਜਿਆ। ਇਸ ਬਿਰਤਾਂਤ ਨੇ ਭਾਰਤ ਦੇ ਪੋਲੀਟੀਕਲ ਸਪੇਸ ਉੱਤੇ ਇਸ ਕਦਰ ਸਰਬ ਪ੍ਰਧਾਨਤਾ ਸਥਾਪਤ ਕਰ ਲਈ ਹੈ, ਕਿ ਹਰ ਵੰਨਗੀ ਦੀਆਂ ਰਾਜਸੀ ਤਾਕਤਾਂ, ਹਿੰਦੂਵਾਦੀਆਂ ਤੋਂ ਲੈ ਕੇ ਖੱਬੇ-ਪੱਖੀਆਂ ਤੱਕ, ਦਾ ਸਮੁੱਚਾ ਰਾਜਸੀ ਅਮਲ ਵਿਚ ਇਸ ਬਿਰਤਾਂਤ ਦਾ ਅਨੁਸਾਰੀ ਹੈ।

ਰਾਸ਼ਟਰਵਾਦੀ ਪ੍ਰਵਚਨ ਦੇ ਜ਼ਰੀਏ ਉੱਚ ਜਾਤੀਆਂ ਦੁਆਰਾ ਸਿਰਜੀ ਗਈ ਰਾਜਸੀ ਭਾਸ਼ਾ ਆਮ ਲੋਕਾਂ ਦੇ ਮੂੰਹਾਂ 'ਤੇ ਚੜ੍ਹ ਗਈ ਹੈ ਅਤੇ ਜਦੋਂ ਵੀ ਕੋਈ ਰਾਜਸੀ ਮਸਲਾ ਸਾਹਮਣੇ ਆਉਂਦਾ ਹੈ ਤਾਂ ਉਹ ਬਿਨਾਂ ਸੋਚ ਵਿਚਾਰ ਕੀਤੇ, ਆਪ ਮੁਹਾਰੇ ਹੀ, ਇਸ ਬਾਰੇ ਝਟਪਟ ਆਪਣਾ ਨਜ਼ਰੀਆ ਬਣਾ ਲੈਂਦੇ ਹਨ। ਇਸ ਵਿਚ ਮੀਡੀਏ ਦੀ ਭੂਮਿਕਾ ਸਭ ਤੋਂ ਵੱਧ ਦੋਸ਼ਪੂਰਨ ਹੈ।

ਭਾਰਤ ਦੇ ਮੇਨਸਟਰੀਮ ਮੀਡੀਏ ਦੇ ਖਾਸੇ ਨਾਲ ਸਬੰਧਤ ਦੋ ਤੱਥ ਬਹੁਤ ਮਹੱਤਵਪੂਰਨ ਹਨ। ਇਕ ਅਕੱਟ ਸੱਚਾਈ ਇਹ ਹੈ ਕਿ ਇਸ ਉੱਤੇ ਵੱਡੇ ਸਰਮਾਏਦਾਰ ਘਰਾਣਿਆਂ ਦਾ ਪੂਰਨ ਗਲਬਾ ਹੈ। ਦੂਜਾ ਏਨਾ ਹੀ ਅਹਿਮ ਸੱਚ ਇਹ ਹੈ ਕਿ ਇਸ ਅੰਦਰ ਹਿੰਦੂ ਸਵਰਨ ਜਾਤੀਆਂ ਦਾ ਬੋਲਬਾਲਾ ਹੈ। ਗ਼ੈਰ ਹਿੰਦੂ ਤੇ ਗ਼ੈਰ ਸਵਰਨ ਜਾਤੀਆਂ ਦੀ ਹਸਤੀ ਬੇਹੱਦ ਨਿਗੂਣੀ ਹੈ।

ਇਸ ਕਰਕੇ ਇਹ ਮੀਡੀਆ ਮੂਲ ਰੂਪ ਵਿਚ ਭਾਰਤ ਦੀ ਉੱਚ ਜਾਤੀ ਹਿੰਦੂ ਕਾਰਪੋਰੇਟ ਸਟੇਟ ਦੀ ਹੀ ਬੋਲੀ ਬੋਲਦਾ ਹੈ। ਇਹ ਰਾਸ਼ਟਰਵਾਦੀ ਪ੍ਰਵਚਨ ਦਾ ਮੁੱਖ ਵਾਹਕ ਅਤੇ ਆਮ ਲੋਕਾਂ ਦੇ ਰਾਜਸੀ ਵਿਚਾਰਾਂ ਨੂੰ ਪ੍ਰਭਾਵਿਤ (ਅਸਲ ਵਿਚ ਭ੍ਰਿਸ਼ਟ) ਕਰਨ ਵਾਲਾ ਪ੍ਰਮੁੱਖ ਸਾਧਨ ਹੈ। ਹਾਕਮ ਵਰਗਾਂ ਦੀ ਵਿਚਾਰਧਾਰਾ ਨੂੰ ਆਮ ਲੋਕਾਂ ਵਿਚ ਮਕਬੂਲ ਬਣਾਉਣ ਤੇ ਉਨ੍ਹਾਂ ਦੇ ਮਨਾਂ ਅੰਦਰ ਇਸ ਦੀਆਂ ਡੂੰਘੀਆਂ ਜੜ੍ਹਾਂ ਲਾਉਣ ਵਿਚ ਸਿੱਖਿਆ ਪ੍ਰਣਾਲੀ ਦੇ ਨਾਲੋ ਨਾਲ, ਮੀਡੀਏ ਦੀ ਭੂਮਿਕਾ ਵੀ ਬਰਾਬਰ ਅਹਿਮ ਹੈ। ਇਹ ਭਾਰਤੀ ਰਾਜ ਦੀ ਵਿਚਾਰਧਾਰਾ ਦੇ ਪ੍ਰਮੁੱਖ ਤੱਤਾਂ, ਸੰਕਲਪ, ਧਾਰਨਾਵਾਂ ਤੇ ਵਾਕ ਅੰਸ਼ਾਂ ਨੂੰ ਲੋਕ ਮਨਾਂ ਅੰਦਰ ਡੂੰਘੇ ਉਕਰ ਦਿੰਦਾ ਹੈ, ਜਿਸ ਨਾਲ ਲੋਕਾਂ ਦੀ ਸੁਤੰਤਰ ਸੋਚਣ ਦੀ ਸਮਰੱਥਾ ਖ਼ਤਮ ਹੋ ਜਾਂਦੀ ਹੈ ਅਤੇ ਉਹ ਅਨਜਾਣੇ ਹੀ ਹਾਕਮ ਵਰਗਾਂ ਦੇ ਪਿੱਛ-ਲੱਗ ਬਣ ਜਾਂਦੇ ਹਨ।

ਇਸ ਪ੍ਰਥਾਇ ਅਸੂਤੋਸ਼ ਵਾਰਸ਼ਨੇਅ ਦਾ ਇਹ ਕਥਨ ਬਹੁਤ ਅਰਥ ਭਰਪੂਰ ਹੈ, "ਚੇਤਨਾ ਦੇ ਕੁਝ ਰੂਪ (ਮਨਾਂ ਅੰਦਰ) ਏਨੇ ਡੂੰਘੇ ਉਕਰੇ ਜਾਂਦੇ ਹਨ, ਕਿ ਮਨੁੱਖੀ ਜੀਵ ਛੇਤੀ ਕੀਤੇ ਉਨ੍ਹਾਂ ਦੀਆਂ ਖ਼ਤਰਨਾਕ ਅਰਥ ਸੰਭਾਵਨਾਵਾਂ ਜਾਂ ਜੜ੍ਹਾਂ ਬਾਰੇ ਸਵਾਲ ਨਹੀਂ ਕਰਦੇ।"

ਰਾਜਨੀਤੀ ਦੇ ਮੇਨਸਟਰੀਮ ਸੱਭਿਆਚਾਰ ਅੰਦਰਲੇ ਕੁਝ ਕੁੰਜੀਵਤ ਸੰਕਲਪ, ਜਿਵੇਂ ਰਾਸ਼ਟਰਵਾਦ, ਰਾਸ਼ਟਰੀ ਏਕਤਾ ਤੇ ਅਖੰਡਤਾ, ਕੌਮੀ ਸੁਰੱਖਿਆ, ਧਰਮ ਨਿਰਪੱਖਤਾ, ਸੰਪਰਦਾਇਕਤਾ, ਜਾਤਵਾਦ, ਖੇਤਰਵਾਦ, ਭਾਸ਼ਾਵਾਦ, ਦਹਿਸ਼ਤਗਰਦੀ, ਵਿਗਿਆਨਕ ਤਰਕਸ਼ੀਲਤਾ, ਵਿਕਾਸ ਆਦਿ, ਭਾਰਤ ਦੇ ਪਬਲਿਕ (ਰਾਜਸੀ) ਜੀਵਨ ਦਾ ਢਾਂਚਾ ਸਿਰਜਦੇ ਹਨ।

ਇਹ ਸੰਕਲਪ ਭਾਰਤੀ ਸਟੇਟ ਦੀ ਭਾਰੂ ਵਿਚਾਰਧਾਰਾ ਦੀ ਸਰੰਚਨਾ ਕਰਦੇ ਹਨ ਅਤੇ ਇਹਨਾਂ ਦੇ ਜ਼ਰੀਏ ਇਹ ਵਿਚਾਰਧਾਰਾ ਮੱਧ ਵਰਗ ਦੀ ਚੇਤਨਾ ਅੰਦਰ ਜੜ੍ਹਾਂ ਲਾਉਣ ਵਿਚ ਸਫਲ ਹੋ ਜਾਂਦੀ ਹੈ। ਇਹ ਸੰਕਲਪ ਹੀ ਮੇਨਸਟਰੀਮ ਅਕਾਦਮਿਕ ਪ੍ਰਵਚਨ ਸਿਰਜਦੇ ਹਨ। ਪ੍ਰਧਾਨ ਬਿਰਤਾਂਤ ਜਨਤਕ ਰਾਜਨੀਤੀ ਲਈ ਪ੍ਰਮੁੱਖ ਜਥੇਬੰਦਕ ਜੁਗਤੀ ਹੈ।

ਰਾਜ ਦੀ ਵਿਚਾਰਧਾਰਾ ਨੂੰ ਬਲ ਬਖਸ਼ਣ ਵਾਲੇ ਚਿੰਨ੍ਹਾਂ, ਰੂਪਕਾਂ ਤੇ ਇਸਤਲਾਹਾਂ ਦਾ ਵਿਆਪਕ ਪੈਮਾਨੇ ਤੇ ਪ੍ਰਚਾਰ ਪ੍ਰਸਾਰ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਲੋਕਾਂ ਦੀ ਆਮ ਬੋਲ-ਚਾਲ ਦਾ ਹਿੱਸਾ ਬਣਾ ਦਿੱਤਾ ਜਾਂਦਾ ਹੈ। ਇਸ ਤਰੀਕੇ ਨਾਲ ਲੋਕਾਂ ਦੇ ਰਾਜਸੀ ਅਮਲ ਵਿਹਾਰ ਨੂੰ ਦਿਸ਼ਾ-ਬੱਧ ਕੀਤਾ ਜਾਂਦਾ ਹੈ। ਦੇਸ਼ ਦੇ ਹਰ ਵਿਅਕਤੀ ਦੀ ਹਸਤੀ ਨੂੰ ਇਸ ਸੂਤਰ ਦੇ ਜ਼ਰੀਏ ਪਰਿਭਾਸ਼ਤ ਕੀਤਾ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਉਹ 'ਭਾਰਤੀ' ਹੈ ਤੇ ਉਸ ਤੋਂ ਬਾਅਦ ਹੀ 'ਹਿੰਦੂ', 'ਸਿੱਖ' ਜਾਂ 'ਮੁਸਲਮਾਨ' ਹੈ। ਇਹ ਸੂਤਰ ਨੇਸ਼ਨ ਸਟੇਟ ਦਾ ਨੀਤੀ ਮੰਤਰ ਹੈ। ਅਜ਼ਾਦੀ ਦੇ ਸੰਘਰਸ਼ ਦੌਰਾਨ ਇਸ ਨੇ ਹਿੰਦੂ ਰਾਸ਼ਟਰਵਾਦੀ ਤਾਕਤਾਂ ਦਾ ਵੱਡੀ ਪੱਧਰ 'ਤੇ ਰਾਜਸੀ ਪੱਖ ਪੂਰਿਆ, ਤੇ ਅੱਜ ਵੀ ਪੂਰਦਾ ਹੈ।

ਬਹੁਗਿਣਤੀ ਦੇ ਸੱਭਿਆਚਾਰ ਨੂੰ ਉਤਸ਼ਾਹ ਕਰਨਾ, ਘੱਟ-ਗਿਣਤੀਆਂ ਨੂੰ ਇਸ ਮੁੱਖ-ਧਾਰਾ ਵਿਚ ਜਜ਼ਬ ਕਰਨ ਦੇ ਮੰਤਵ ਨਾਲ ਉਨ੍ਹਾਂ ਉੱਤੇ ਦਬਾਅ ਪਾਉਣਾ ਅਤੇ ਨਾਲੋ ਨਾਲ ਉਨ੍ਹਾਂ ਨੂੰ ਮਾਦੀ ਲਾਲਚ ਤੇ ਨੈਤਿਕ ਹੱਲਾਸ਼ੇਰੀ ਦੇਣੀ, ਘੱਟ-ਗਿਣਤੀ ਭਾਈਚਾਰਿਆਂ ਦੇ ਖਿੰਡ ਭੱਖਰ ਜਾਣ ਦਾ ਸਬੱਬ ਬਣ ਜਾਂਦਾ ਹੈ।

ਇਸ ਅਮਲ ਨੂੰ ਰੈਲਾ ਕਰਨ ਲਈ ਸਟੇਟ ਤੇ ਬਹੁਗਿਣਤੀ ਭਾਈਚਾਰੇ ਵਲੋਂ ਘੱਟ-ਗਿਣਤੀਆਂ ਅੰਦਰਲੇ ਲਿਬਰਲ ਤੇ ਸੈਕੂਲਰਿਸਟ ਤੱਤਾਂ ਨੂੰ ਉਚੇਚਾ ਉਤਸ਼ਾਹਤ ਕੀਤਾ ਜਾਂਦਾ ਹੈ।

ਉਨ੍ਹਾਂ ਨੂੰ ਅਹੁਦਿਆਂ, ਰੁਤਬਿਆਂ ਅਤੇ ਇਨਾਮਾਂ ਸਨਮਾਨਾਂ ਦਾ ਚੋਗਾ ਪਾ ਕੇ ਭ੍ਰਿਸ਼ਟ ਕੀਤਾ ਜਾਂਦਾ ਹੈ, ਜਿਸ ਦੇ ਫਲਸਰੂਪ ਉਹ ਬਹੁਗਿਣਤੀ ਭਾਈਚਾਰੇ ਦੇ ਆਗਿਆਕਾਰ ਤੇ ਖੈਰ-ਖੁਆਹ ਬਣ ਜਾਂਦੇ ਹਨ, ਅਤੇ ਘੱਟ-ਗਿਣਤੀਆਂ ਨੂੰ ਵਰਗਲਾਉਣ ਵਾਲੇ ਏਜੰਟਾਂ ਦੀ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੰਦੇ ਹਨ।

ਭਾਰਤ ਅੰਦਰ ਆਜ਼ਾਦੀ ਤੋਂ ਬਾਅਦ ਇਤਿਹਾਸ ਰਚਨਾ ਦਾ ਕਾਰਜ ਮੁੱਖ ਤੌਰ 'ਤੇ ਲਿਬਰਲ ਤੇ ਖੱਬੇ-ਪੱਖੀ ਸੈਕੂਲਰਿਸਟ ਇਤਿਹਾਸਕਾਰਾਂ ਦੁਆਰਾ ਹੀ ਕੀਤਾ ਗਿਆ। ਕਿਉਂਕਿ ਭਾਰਤੀ ਰਾਜ ਦਾ ਪ੍ਰਮੁੱਖ ਰਾਜਸੀ ਏਜੰਡਾ ਭਾਰਤ ਅੰਦਰ ਸਰਬ ਸਾਂਝੀ ਕੌਮ ਅਤੇ ਨੇਸ਼ਨ ਸਟੇਟ ਦੀ ਸਿਰਜਣਾ ਕਰਨਾ ਹੈ, ਇਸ ਕਰਕੇ, ਅਤੀਤ ਨੂੰ ਇਸ ਸਮਕਾਲੀ ਰਾਜਸੀ ਲੋੜ ਦੇ ਦ੍ਰਿਸ਼ਟੀਕੋਣ ਤੋਂ ਹੀ ਵੇਖਿਆ, ਪੜਚੋਲਿਆ ਤੇ ਪੇਸ਼ ਕੀਤਾ ਗਿਆ। ਅਤੀਤ ਦੀ ਰਾਸ਼ਟਰਵਾਦੀ ਰਚਨਾਕਾਰੀ ਕੀਤੀ ਗਈ।

ਅਜਿਹਾ ਚੇਤੰਨ ਰੂਪ ਵਿਚ, 'ਰਾਸ਼ਟਰੀ ਸੇਵਾ' ਦੀ ਭਾਵਨਾ ਨਾਲ ਕੀਤਾ ਗਿਆ, ਇਸ ਵਿਸ਼ਵਾਸ ਤੇ ਅਕੀਦੇ ਨਾਲ ਕਿ 'ਇਤਿਹਾਸਕਾਰ ਅਤੀਤ ਦਾ ਜੋ ਅਕਸ ਚਿਤਰਦਾ ਹੈ, ਇਸ ਰਾਹੀਂ ਉਹ ਵਰਤਮਾਨ ਦੀ ਸੇਵਾ ਕਰਦਾ ਹੈ।'▪▪

# ਘੱਟ-ਗਿਣਤੀਆਂ ਜੁੜ ਕੇ ਹੀ ਲੋਹ ਸ਼ਕਤੀ ਬਣ ਸਕਦੀਆਂ ਨੇ

**ਜਸਵੰਤ ਸਿੰਘ ਕੰਵਲ**

ਘੱਟ-ਗਿਣਤੀਆਂ ਤੇ ਵਿਹੜਿਆਂ ਦੇ ਭਾਈਚਾਰਿਆਂ ਨੂੰ ਮੇਰੀ ਵੰਗਾਰ ਹੈ; ਫ਼ਿਰਕੂ ਹਿੰਦੂਵਾਦ ਦੇ ਸਤਾਏ ਲੋਕੋ, ਪਹਿਲੋਂ ਜੁੜੋ, ਫਿਰ ਆਪਣੇ ਸੰਦ ਤੇ ਹਥਿਆਰ ਸੰਭਾਲੋ। ਸਮਾਂ ਕਦੇ ਇਕ ਥਾਂ ਪੈਰ ਗੱਡ ਕੇ ਨਹੀਂ ਠਹਿਰਦਾ। ਜ਼ੁਲਮ ਦੀ ਹਨੇਰੀ ਦਾ ਲੱਕ ਉਹਦੇ ਆਪਣੇ ਗੁਨਾਹਾਂ ਦੇ ਭਾਰ ਨਾਲ ਹੀ ਟੁੱਟੇਗਾ ਅਤੇ ਮਨੁੱਖੀ ਸਾਂਝੀਵਾਲਤਾ ਦੀ ਸਵੇਰ ਹਰ ਹਾਲਤ ਵਿਚ ਚੜ੍ਹੇਗੀ। ਮਨੁੱਖ ਕਿੰਨਾ ਬਦ ਬਲਵਾਨ ਹੋ ਜਾਵੇ; ਪਰ ਉਹ ਕੁਦਰਤ ਦੇ ਵਹਿਣ, ਚੜ੍ਹਦੇ ਸੂਰਜ ਨੂੰ ਨਹੀਂ ਰੋਕ ਸਕਦਾ। ਤੁਹਾਡਾ ਮਿਹਨਤੀ ਸੱਚ ਹਰ ਹਾਲ ਤਰੇਗਾ ਤੇ ਜ਼ੁਲਮਾਂ ਨੇ ਤਾਂ ਆਪਣੇ ਭਾਰ ਨਾਲ ਹੀ ਡੁੱਬ ਜਾਣਾ ਹੈ। ਪੁਰਾਣੇ ਹਿੰਦੁਸਤਾਨ ਦੇ ਮਾਲਕੋ ! ਫ਼ਿਰਕੂ ਹਿੰਦੂ ਤੋਂ ਕੁੱਟ ਖਾ ਕੇ ਬੌਂਦਲੇ ਸਿੱਖ, ਰਾਜਸੀ ਵਿਹੁ ਘੋਲ ਰਹੇ ਐ। ਇਹ ਸਿੱਖ ਬੇਇੱਜ਼ਤ ਤੇ ਕੁੱਟ ਦੇ ਵਿਰੋਧ ਵਿਚ ਮਾਯੂਸ ਹੋਏ, ਤੁਹਾਡੇ ਵਿਹੜਿਆਂ ਨੂੰ ਆਉਣਗੇ। ਫੱਟੀ ਨੂੰ ਫੱਟੀ ਮਿਲੇ, ਤਾਕਤ ਬਣੇ ਬਲਾ।

ਕਾਂਗਰਸ ਤੇ ਭਾਜਪਾ ਵਿਚ ਮਤਰੇਏ ਭਰਾ ਜਿੰਨਾ ਉੱਨੀ ਵੀਹ ਦਾ ਹੀ ਫ਼ਰਕ ਹੈ। ਦੋਹਾਂ ਦਾ ਪੱਕਾ ਨਿਸ਼ਾਨਾ ਹਿੰਦੂ ਰਾਜ ਹੈ। ਕਾਂਗਰਸ ਘੱਟ-ਗਿਣਤੀਆਂ ਨੂੰ ਥਾਪੜੀਆਂ ਦੇ ਕੇ ਅਤੇ ਜਨਸੰਘ ਸਿੱਧੇ ਧੱਕੇ ਨਾਲ ਲਾਗੂ ਕਰਨਾ ਚਾਹੁੰਦਾ ਹੈ। ਸੋਇਮ ਸੰਘ ਇਸ ਨਾਹਰੇ ਨਿਸ਼ਾਨੇ ਨੂੰ ਐਲਾਨੀਆਂ ਆਖਦਾ ਹੈ ਤੇ ਕਾਂਗਰਸ ਇਸ ਕਾਰਜ ਨੂੰ ਮੀਸਣੀ ਚਾਲ ਨਾਲ ਪਰਦੇ ਵਿਚ ਢੱਕ ਕੇ ਸਿਰੇ ਚਾੜ੍ਹਨਾ ਚਾਹੁੰਦੀ ਹੈ। ਸਿਆਣੇ ਚੰਗੀ ਤਰ੍ਹਾਂ ਸਮਝ ਸਕਦੇ ਹਨ; ਕੌਣ ਵਧੇਰੇ ਖ਼ਤਰਨਾਕ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਪਾਂ ਨਾਲ ਕੀਹਨੇ ਤੋੜਿਆ ਸੀ? ਤੇ ਅੰਮ੍ਰਿਤਸਰ ਵਿਚ ਲੱਡੂ ਕੀਹਨੇ ਵੰਡੇ ਸਨ ? ਦੋਹਾਂ ਫ਼ਿਰਕੂ ਤਾਕਤਾਂ ਦਾ ਮੂਲ ਨਿਸ਼ਾਨਾ ਹਿੰਦੂ ਰਾਜ ਹੈ। ਹਿੰਦੂ ਰਾਜ ਦਾ ਮਤਲਬ ਬਾਕੀ ਘੱਟ-ਗਿਣਤੀਆਂ ਉਨ੍ਹਾਂ ਦੀ ਚਾਕਰੀ ਕਰਦੀਆਂ ਗ਼ੁਲਾਮ। ਦੋਹਾਂ ਵਿਚ ਐਨਾ ਹੀ ਫ਼ਰਕ ਹੈ, ਕਾਂਗਰਸ ਚੋਰੀ ਛੁਪੇ ਲਿਆਉਣਾ ਚਾਹੁੰਦੀ ਐ ਤੇ ਜਨਸੰਘ ਸਪੱਸ਼ਟ ਐਲਾਨੀਆਂ। ਸਾਰੀਆਂ ਘੱਟ-ਗਿਣਤੀਆਂ ਨੇ ਵਾਰੀ-ਵਾਰੀ ਕੁੱਟ ਖਾ ਕੇ ਤਜ਼ਰਬਾ ਕਰ ਲਿਆ ਹੈ। ਭਲਾ ਹਿੰਦੂ ਰਖਸ਼ਾ ਸੰਮਤੀਆਂ, ਬਹੁਗਿਣਤੀ ਹਿੰਦੂ ਰਾਜ ਹੁੰਦਿਆਂ, ਕਿਹੜੀ ਗੱਲੋਂ ਇਨ੍ਹਾਂ ਖੜ੍ਹੀਆਂ ਕੀਤੀਆਂ ਸਨ? ਇਨ੍ਹਾਂ ਘੱਟ-ਗਿਣਤੀਆਂ ਨੂੰ ਚੱਜ ਨਾਲ ਹੀ ਗੁੱਠੇ ਲਾ ਕੇ ਰੱਖਣ ਤੇ ਮੁਸਲਮਾਨਾਂ ਤੋਂ ਪੁਰਾਣੇ ਜਾਬਰਾਂ ਵਾਲੇ ਬਦਲੇ ਲੈਣਾ ਮਿਥਿਆ ਹੈ। ਮੁਸਲਮਾਨ ਜਾਬਰ ਗਏ ਤੇ ਇਨ੍ਹਾਂ ਗ਼ਰੀਬ ਮੁਸਲਮਾਨਾਂ ਨੂੰ ਧਰ ਲਿਆ।

ਬ੍ਰਾਹਮਣਵਾਦ ਘੱਟ-ਗਿਣਤੀਆਂ ਦੀ ਹਿੱਕ 'ਤੇ ਬੈਠਾ ਵੀ ਖ਼ੌਫ਼ ਮਹਿਸੂਸ ਕਰਦਾ ਆਪਣੇ ਜੋੜ-ਤੋੜ ਕਰੀ ਜਾ ਰਿਹਾ ਹੈ। ਥਾਂ-ਥਾਂ ਖਿੱਲਰੀਓ ਘੱਟ-ਗਿਣਤੀਓ, ਤੁਸੀਂ ਕਿਉਂ ਨਹੀਂ ਸਮਝਦੇ; ਜਮਹੂਰੀਅਤ ਇਨ੍ਹਾਂ ਦੇ ਅੱਤਿਆਚਾਰਾਂ ਦੀ ਪਰਦੇ ਦੀ ਰਾਣੀ ਹੈ। ਸੁੱਖੇ ਨਾਲ ਰੱਜੇ ਤੇ ਬਲਕਾਰੇ ਸਿੰਘਾਂ ਨੂੰ ਸਮਝਾਉਣ ਗਿਆ ਕੌਣ ਕੁੱਟ ਖਾਵੇ ? ਕਾਂਗਰਸ ਲੰਮੀ ਤਪਦਿਕ ਨਾਲ ਘਸਾ ਘਸਾ ਮਾਰਦੀ ਹੈ ਤੇ ਜਨਸੰਘ ਸਿੱਧਾ ਹੈਜ਼ਾ ਐ। ਫ਼ਿਰਕੂ ਪਾਰਟੀਆਂ ਦੋਹਾਂ ਕੋਲ ਦੋ ਰਾਹ ਹਨ, ਸਿੱਧੀ ਮੌਤ ਜਾਂ ਪਾਣੀ ਵਿਚ ਲੂਣ ਦੀ ਡਲੀ। ਤਾਰੀਖ਼ੀ ਅਸਲੀਅਤ ਤੋਂ ਅਨਾੜੀ ਅਕਾਲੀ, ਫੰਨ੍ਹੀਅਰ ਤੇ ਖੜੱਪੇ ਸੱਪ ਵਿਚ ਕੋਈ ਫ਼ਰਕ ਨਹੀਂ ਸਮਝਦੇ। ਇਕ ਮਿੱਠੀ ਛੁਰੀ ਐ, ਦੂਜੀ ਜ਼ਹਿਰ ਭਿੱਜੀ ਤਲਵਾਰ। ਇਨ੍ਹਾਂ ਸਰਦਾਰਾਂ ਨੂੰ ਓਦੋਂ ਪਤਾ ਲੱਗੇਗਾ; ਜਦੋਂ ਸਾਰੇ ਘਰੜ ਮੁੰਨ ਕੇ ਰੱਖ ਦਿੱਤੇ। ਤਿੰਨ ਚੌਥਾਈ ਤਾਂ ਘਰੜ ਮੁੰਨੇ ਜਾ ਚੁੱਕੇ ਐ। ਇਨ੍ਹਾਂ ਭੌਂਦੂਆਂ ਨੂੰ ਐਨਾ ਵੀ ਪਤਾ ਨਹੀਂ, ਮੁੰਨੇ ਜਾਣ ਨਾਲ ਅਣਖੀਲੀ ਸਪਿਰਿਟ ਵੀ ਬਰਾਬਰ ਰਗੜੀ ਜਾਂਦੀ ਹੈ। ਸਿੱਖੀ ਦੁਹਾਈਆਂ ਪਾ ਰਹੀ ਐ:

**"ਮਰ ਜੇਂ ਤਾਂ ਰੋ ਲਾਂ ਰੱਜ ਕੇ,**
**ਸਾਧ ਹੋਏ ਦਾ ਕੀ ਲਾਜ ਬਣਾਵਾਂ।"**

ਅੱਧ ਦੇ ਨੇੜ ਤੇੜ ਸਿੱਖ ਰੋਟੀ ਦੀ ਭਾਲ ਵਿਚ ਪ੍ਰਦੇਸ਼ਾਂ ਨੂੰ ਕੂਚ ਕਰ ਗਏ ਐ। ਉਨ੍ਹਾਂ ਸਥਾਨਕ ਲੋਕਾਂ ਦੇ ਕਲਚਰ ਸਾਗਰ ਵਿਚ ਦੇਰ ਸਵੇਰ ਜ਼ਰੂਰ ਲੂਣ ਦੀ ਡਲੀ ਵਾਂਗ ਖੁਰ ਜਾਣਾ ਹੈ। ਬਾਕੀ ਅੱਧਿਆਂ ਨੂੰ ਭਈਆਂ ਦੇ ਨਸ਼ਿਆਂ ਨੇ ਚਰ ਲੈਣਾ ਹੈ। ਹੋਰ ਅੜੇ ਥੁੜੇ ਪੰਜਾਬੀਆਂ ਲਈ ਬਾਹਰਲੀਆਂ ਧਾੜਾਂ ਨਾਲ ਫ਼ਸਾਦਾਂ ਦੀ ਕਤਲੇਆਮ ਤਿਆਰ ਖੜ੍ਹੀ ਹੈ। ਪੰਜਾਬੀ ਆਪਣੀ ਜਨਮ ਮਰਨ ਭੂਮੀ ਵਿਚ ਨਿਰੀ ਕੁੱਟ ਹੀ ਨਹੀਂ ਖਾਣਗੇ, ਸਗੋਂ ਘੱਟ-ਗਿਣਤੀ ਹੋਏ ਕੌਮੀ ਬੇਇੱਜ਼ਤੀ ਵੀ ਸਹਿਣਗੇ। ਇਨ੍ਹਾਂ ਊਤ ਪੰਜਾਬੀਆਂ ਨੂੰ ਹਾਲੇ ਤੱਕ ਇਹ ਸਮਝ ਨਹੀਂ ਆਈ; ਸਾਡਾ ਸਾਰੀਆਂ ਘੱਟ-ਗਿਣਤੀਆਂ ਨਾਲ ਜੁੜਨ ਵਿਚ ਹੀ ਆਖ਼ਰੀ ਭਲਾ ਹੈ। ਹਿੰਦੁਸਤਾਨ ਦੀਆਂ ਸਾਰੀਆਂ ਘੱਟ-ਗਿਣਤੀਆਂ, ਇਕ ਮਜ਼ਬੂਤ ਸੰਗਠਨ ਵਿਚ ਜੁੜ ਕੇ ਹੀ ਸੁਰੱਖਿਅਤ ਹੋ ਸਕਦੀਆਂ ਹਨ। ਕਾਂਗਰਸ ਤੇ ਭਾਜਪਾ, ਮਤਰੇਏ ਭਰਾ, ਸਾਨੂੰ ਘੱਟ-ਗਿਣਤੀਆਂ ਨੂੰ ਪਾੜ ਪਾੜ ਹੀ ਬਲਹੀਣ ਕਰ ਰਹੇ ਹਨ। ਉਨ੍ਹਾਂ ਦੁਸ਼ਮਣਾਂ ਦਾ ਪੱਕਾ ਇਰਾਦਾ ਹਿੰਦੂ ਰਾਜ ਦਾ ਹੈ। ਇਕ ਧਿਰ ਇਸ ਨੂੰ 'ਰਾਮ ਰਾਜ' ਆਖ ਰਹੀ ਹੈ ਤੇ ਦੂਜੀ ਜਮਹੂਰੀਅਤ ਅਥਵਾ 'ਲੋਕਰਾਜ', ਪਰ ਦਿਲੋਂ ਦੋਵੇਂ ਬੇਈਮਾਨ ਹਨ। ਇਕ ਰਾਮ ਨੂੰ ਬਦਨਾਮ ਕਰ ਰਿਹਾ ਹੈ ਤੇ ਦੂਜਾ ਲੋਕਰਾਜ ਦੀ ਮਿੱਟੀ ਪਲੀਤ ਕਰ ਰਿਹਾ ਹੈ। ਰਾਮ ਤੇ ਲੋਕਰਾਜ ਤਾਂ ਤੁਹਾਨੂੰ ਧੋਖਾ ਦੇਣ ਲਈ ਵਰਤੇ ਜਾ ਰਹੇ ਐ। ਭੋਲਿਓ, ਪਹਿਲਾਂ ਇਹ ਸਮਝੋ, ਇਨ੍ਹਾਂ ਦਾ

ਹੁਣ ਤੱਕ ਕਿਰਦਾਰ ਕੀ ਰਿਹਾ ਹੈ ? ਸਿੱਖਾਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਮੁਸਲਮਾਨਾਂ ਦੀ ਬਾਬਰੀ ਮਸਜਿਦ ਢਾਹ ਕੇ ਤੁਹਾਨੂੰ ਅਗਾਊਂ ਟਰੇਲਰ ਵਿਖਾਇਆ ਗਿਆ ਹੈ। ਇਸਾਈਆਂ ਦੇ ਗਿਰਜੇ ਨੁਕਸਾਨੇ ਤੇ ਮਾਸੂਮ ਬੱਚਿਆਂ ਨੂੰ ਕਤਲ ਕੀਤਾ ਗਿਆ। ਪਿਛੜੇ ਵਰਗਾਂ ਨੂੰ ਜਦੋਂ ਜੀਅ ਵਿਚ ਆਉਂਦੀ ਐ, ਫ਼ਸਾਦ ਖੜ੍ਹੇ ਕਰਕੇ ਮਾਰਨਾ ਵੱਢਣਾ ਸ਼ੁਰੂ ਕਰ ਦਿੰਦੇ ਹਨ। ਇਹ ਵੀ ਕਦੇ ਨਾ ਭੁੱਲੋ, ਜਮਹੂਰੀਅਤ ਵਿਚ ਵੀ ਬਹੁਗਿਣਤੀ ਫਾਸ਼ਿਸ਼ਟ ਤਾਕਤ ਹੁੰਦੀ ਹੈ। ਘੱਟ-ਗਿਣਤੀਆਂ ਜੁੜ ਕੇ ਹੀ ਲੋਹ ਸ਼ਕਤੀ ਬਣ ਸਕਦੀਆਂ ਹਨ; ਹੋਰ ਕੋਈ ਚਾਰਾ ਨਹੀਂ।

ਰਹਿ ਰਹਿ ਜੀ ਵਿਚ ਆਉਂਦੀ ਐ, ਸਤਾਰਾਂ ਥਾਂ ਹੋਏ ਅਕਾਲੀਆਂ ਨੂੰ, ਪਹਿਲੋਂ ਰੱਜਵਾਂ ਮੌਹਰਾ ਛਕਾ ਕੇ ਟੁੱਟੇ ਜਹਾਜ਼ ਉੱਤੇ ਚਾੜ੍ਹ ਲਿਆ ਜਾਵੇ ਤੇ 'ਸਤਿਨਾਮ' ਕਹਿ ਕੇ ਸਮੁੰਦਰੀ ਤੁਫ਼ਾਨ ਦੇ ਹਵਾਲੇ ਕਰ ਦਿੱਤਾ ਜਾਵੇ। ਤੇ ਡੁੱਬਦਿਆਂ ਨੂੰ ਯਕੀਨ ਦੁਆ ਦਿੱਤਾ ਜਾਵੇ; 'ਤੁਹਾਡੇ ਭੋਗ ਜ਼ਰੂਰ ਪਾ ਦਿੱਤੇ ਜਾਣਗੇ। ਹੁਣ ਜਿਹਾ ਕਰੋ, ਤੇਹਾ ਭਰੋ ਵੀ।' ਕੌਮੀ ਕੋਹੜ ਘਰੋਂ ਕੱਢੇ ਬਿਨਾਂ, ਕੌਮ ਵਿਚ ਚੱਟਾਨ ਵਰਗੀ ਮਜ਼ਬੂਤੀ ਨਹੀਂ ਆ ਸਕਦੀ। ਇਹ ਮੇਰੀ ਰਾਏ ਨਹੀਂ, ਮੰਜੇ ਪਏ ਪੰਜਾਬੀ ਕਿਸਾਨ ਦੀ ਮਜਬੂਰੀ ਮੂੰਹੋਂ ਘਟਦੀ ਜਾਂਦੀ ਬਦਦੁਆ ਹੈ। ਉਹ ਵੀ ਸੂਰਮੇ ਸਨ, ਜਿਨ੍ਹਾਂ ਕੁਰਬਾਨੀਆਂ ਕਰਕੇ ਰੁੜ੍ਹਦੀ ਜਾਂਦੀ ਹਿੰਦ ਬਚਾਈ ਸੀ। ਹੁਣ ਹਾਲਤ ਇਹ ਹੈ, ਮਰਦੇ ਤਾਂ ਕਿਸਾਨ ਹਨ, ਉਨ੍ਹਾਂ ਦੇ ਭੋਗ ਅਕਾਲੀ ਆਗੂ ਪਾਉਂਦੇ ਐ। ਜ਼ੁਲਮ ਸਹਿੰਦੀਆਂ ਘੱਟ-ਗਿਣਤੀਆਂ ਆਸ ਕਰਦੀਆਂ ਹਨ; ਸਿੱਖ ਬਹਾਦਰ ਸ਼ਹੀਦਾਂ ਦੀ ਔਲਾਦ ਹਨ, ਬਹੁਗਿਣਤੀ ਦੇ ਜ਼ੁਲਮਾਂ ਨੂੰ ਠੱਲ੍ਹ ਪਾਉਣਗੇ। ਇਸਾਈਆਂ ਦੇ ਗਿਰਜੇ ਫੂਕੇ ਤੇ ਤੋੜੇ, ਜਿਊਂਦੇ ਬੰਦੇ ਸਾੜੇ। ਜੈਨੀ, ਬੋਧੀ ਚੱਜ ਨਾਲ ਹੀ ਗੁੱਠੇ ਲਾਏ ਐ, ਪੁਰਾਣੀ ਸਾਂਝ ਕਾਰਨ ਕਤਲ ਨਹੀਂ ਕੀਤੇ। ਸ੍ਰੀ ਅਕਾਲ ਤਖ਼ਤ ਸਾਹਿਬ ਤੋਪਾਂ ਨਾਲ ਢਾਹਿਆ, ਬਾਬਰੀ ਮਸਜਿਦ ਦੀ ਇੱਟ-ਇੱਟ ਖਿਲਾਰ ਦਿੱਤੀ। ਕਾਂਗਰਸ ਚੁੱਪ ਹੀ ਵੱਟ ਗਈ, ਊਂ ਮੁਸਲਮਾਨਾਂ ਦੀਆਂ ਵੋਟਾਂ ਵਟੋਰਨ ਨੂੰ ਪਹਿਲੇ ਨੰਬਰ ਦੀ ਹੇਜਲੀ ਬਣਦੀ ਹੈ। ਕੀ ਕਾਂਗਰਸ ਸਰਕਾਰ ਮਸਜਿਦ ਤੋੜਨੋ ਰੋਕ ਨਹੀਂ ਸਕਦੀ ਸੀ ? ਨਹੀਂ ਰੋਕੀ, ਸਾਫ਼ ਜ਼ਾਹਰ ਹੈ ਅੰਦਰਖਾਤੇ ਮਿਲੀਭੁਗਤ ਸੀ।

ਗੁਜਰਾਤ ਵਿਚ ਮੁਸਲਮਾਨ ਭਰਾਵਾਂ ਦੀ ਬੇਪਰਵਾਹ ਹੋ ਕੇ ਕਤਲੇਆਮ ਕੀਤੀ। 'ਸਈਆਂ ਭਏ ਕੋਤਵਾਲ ਅਬ ਡਰ ਕਾਹੇ ਕਾ'। ਫ਼ਿਰਕੂ ਬਹੁਗਿਣਤੀ ਦੇ ਹੌਸਲੇ ਹੋਰ ਬੁਲੰਦ ਹੁੰਦੇ ਗਏ। ਇਹੋ ਹਾਲ ਹਰੀਜਨ ਭਰਾਵਾਂ ਦਾ ਕੀਤਾ ਜਾਂਦਾ ਹੈ। ਸਰਕਾਰ ਸੁੱਤੀਆਂ ਅੱਖਾਂ ਓਦੋਂ ਮਲਦੀ ਹੈ, ਜਦੋਂ ਮਨੁੱਖੀ ਲਹੂ ਦੇ ਦਰਿਆ ਵਗ ਕੇ ਸੁੱਕ ਚੁੱਕੇ ਹੁੰਦੇ ਹਨ। ਫ਼ਿਰਕੂ ਤਾਕਤਾਂ ਦੀ ਲੀਪਤਾ ਪੋਤੀ ਵੇਖੋ, ਇਸ ਤਰ੍ਹਾਂ ਦੀ ਕਤਲੋਗਾਰਤ ਨੂੰ 'ਰਾਮਰਾਜ' ਦਾ ਨਾਂਅ ਦਿੱਤਾ ਜਾਂਦਾ ਹੈ। ਜੇ ਇਹਦਾ ਨਾਂਅ ਰਾਮਰਾਜ ਅਥਵਾ ਲੋਕਰਾਜ ਹੈ, ਤਦ ਘੱਟ-ਗਿਣਤੀਆਂ ਨੂੰ ਹੁਣੇ ਸਮਝ ਲੈਣਾ ਚਾਹੀਦਾ ਹੈ; ਅਗਾਂਹ ਆਉਣ ਵਾਲਾ ਹਰਨਾਖਸ਼ ਰਾਜ ਕਿਹੋ ਜਿਹਾ ਹੋਵੇਗਾ। ਮੁਸਲਮਾਨ ਰਾਜਿਆਂ ਦੇ ਜ਼ੁਲਮਾਂ ਦਾ ਬਦਲਾ ਗ਼ਰੀਬ ਕਾਮਿਆਂ ਕਿਸਾਨਾਂ ਤੋਂ ਲਿਆ ਜਾ ਰਿਹਾ ਹੈ। ਇਹ ਆਜ਼ਾਦੀ ਆਈ ਐ ਕਿ ਬਦਲੇ ਲੈਣ ਦੀ ਵਾਰੀ ਆਈ ਐ ? ਘੱਟ-ਗਿਣਤੀਆਂ ਵਲੋਂ ਸਿਰੇ ਦੀ ਲਾਹਨਤ।

ਕੌਮੀ ਪੱਖੋਂ ਨਿੱਸਲ ਹੋਏ ਸਿੱਖਾਂ ਦਾ ਕੋਈ ਕੀ ਇਲਾਜ ਕਰੇ ? ਜਿੰਨੀ ਵੱਡੀ ਤਾਰੀਖ਼ੀ ਭੱਲ ਖੱਟੀ ਸੀ, ਉਸ ਤੋਂ ਕਿਤੇ ਵੱਡੀ ਲਾਹਨਤ ਗਲ ਪੁਆ ਲਈ। ਗੁਰਦੁਆਰਿਆਂ ਦਾ ਧਾਨ ਖਾਣ ਵਾਲਿਆਂ ਵਿਚੋਂ ਸਿਦਕ-ਸਿਰੜ, ਪਰ ਲਾ ਕੇ ਉੱਡ ਜਾਂਦਾ ਹੈ। ਜਦੋਂ ਅਣਖ ਮਰ ਜਾਵੇ; ਕੌਮ ਖਲੋਤੀ ਕਿਵੇਂ ਰਹਿ ਸਕਦੀ ਹੈ ? ਇਹ ਮੈਂ ਇਲਜ਼ਾਮ ਨਹੀਂ ਲਾ ਰਿਹਾ, ਇਨ੍ਹਾਂ ਅਕਾਲੀ ਆਗੂਆਂ ਦਾ ਝੂਠਾ ਕਿਰਦਾਰ ਹੀ ਸਾਬਤ ਕਰ ਰਿਹਾ ਹੈ। ਗੁਰਗੱਦੀ ਲਾਉਣ ਵਾਲੇ ਬਾਈ ਮੰਜੀ ਦੇ ਠੱਗਾਂ ਤੇ ਅੱਜ ਦੇ ਅਕਾਲੀਆਂ ਵਿਚ ਕਿੰਨਾ ਕੁ ਫ਼ਰਕ ਹੈ ? 'ਅਕਾਲ ਅਕਾਲ' ਦੇ ਨਾਹਰੇ ਤਾਂ ਲਾ ਰਹੇ ਐ; ਪਰ ਜਿਸ ਰਸਾਤਲ ਵਿਚ ਇਨ੍ਹਾਂ ਸੂਰਿਆਂ ਦੀ ਕੌਮ ਨੂੰ ਸੁੱਟ ਪਾਇਆ ਹੈ; ਉਸ ਨੂੰ ਕੱਢੇਗਾ ਕੌਣ ? ਦਸਮ ਪਾਤਸ਼ਾਹ, ਸੂਰਮੇ ਸ਼ਹੀਦ ਬੰਦਾ ਸਿੰਘ ਬਹਾਦਰ ਤੇ ਸਿੱਖ ਰਾਜ ਦੀਆਂ ਮਿਸਾਲਾਂ ਅੱਗੇ ਲਿਆਉਣਗੇ। ਇਨ੍ਹਾਂ ਨੂੰ ਤਾਂ ਹਾਲੇ ਇਹ ਅਕਲ ਵੀ ਨਹੀਂ ਆਈ, ਗਿਆ ਵਕਤ ਕਦੇ ਕਿਸੇ ਕੀਮਤ 'ਤੇ ਵਾਪਸ ਨਹੀਂ ਆਇਆ। ਰੋਈ ਜਾਓ ਬੈਠੇ ਜਣਦਿਆਂ ਨੂੰ। ਜਿਹੜੀ ਕੌਮ ਆਪਣੀ ਜ਼ੁਰੱਅਤ ਤੇ ਮੌਕੇ ਵੀ ਵੱਤ ਗਵਾ ਲਵੇ; ਉਹਦੀ ਤਾਂ ਆਪਣੀ ਸੜੀ ਹੋਈ ਸਵਾਹ ਵੀ ਬਾਕੀ ਨਹੀਂ ਰਹਿੰਦੀ। ਹੁਣ ਸਿੱਧੇ ਹੋਏ ਪੰਜਾਲੀ ਜੋਏ ਵਹਾਈ ਕਰਾਓ।

ਮੈਂ ਨਾਚੀਜ਼ ਅਣੂੰ ਜ਼ਰੂਰ ਹਾਂ; ਪਰ ਖ਼ੁਦਗਰਜ਼ ਤੇ ਲਾਲਚੀ ਨਹੀਂ। ਰਾਜਸੀ ਪਾਰਟੀਆਂ ਦੇ ਨੇੜੇ ਰਹਿੰਦਾ ਖੁਰਿਆ ਨਹੀਂ। ਗੁਰੂ ਦੀ ਸਿੱਖੀ, ਤੇ ਵਿਰਸੇ ਵਿਚ ਮਿਲੀ ਥੋੜ੍ਹੀ ਬਹੁਤ ਗੈਰਤ ਸਾਂਭੀ ਬੈਠਾ ਆਂ। ਬਖਸ਼ਣਹਾਰ ਗੁਰੂ ਮੇਰੇ ਨਾਲ ਸਾਡੇ ਅਨਾੜੀਆਂ ਨੂੰ ਮੱਤ ਦੇਵੇ। ਗੁਰੂ ਗੋਬਿੰਦ ਸਿੰਘ ਨੇ ਜ਼ੁਲਮ ਦੇ ਵਿਰੁੱਧ ਸਿਦਕ ਦੀ ਜੰਗ ਲੜ ਕੇ, ਸਾਂਝੇ ਤੇ ਨਵੇਂ ਸੰਕਲਪਾਂ ਵਾਲੀ ਖਾੜਕੂ ਕੌਮ ਖੜ੍ਹੀ ਕੀਤੀ। ਉਸ ਜੇਤੂ ਰੌਸ਼ਨੀ ਵਿਚ ਜੇ ਸਾਰੀਆਂ ਕਮਜ਼ੋਰ ਤੇ ਘੱਟ-ਗਿਣਤੀਆਂ ਸਿਰ ਜੋੜ ਕੇ ਲੜੀਆਂ ਸਨ ਤਾਂ ਅੱਜ ਦੇ ਵਰਤਮਾਨ ਵਿਚ ਵੀ ਉਨ੍ਹਾਂ ਸਾਰੀਆਂ ਘੱਟ-ਗਿਣਤੀਆਂ ਦਾ ਸਾਂਝਾ ਮੋਰਚਾ ਯਕੀਨਨ ਤਾਰੀਖ਼ੀ ਮੱਲਾਂ ਮਾਰ ਸਕਦਾ ਹੈ। ਹੋਸ਼ ਦੀ ਕੋਈ ਦਵਾ ਕਰੋ, ਇਕੱਲੇ ਇਕੱਲੇ ਕਿਉਂ ਕੁੱਟ ਖਾਂਦੇ ਹੋ ? ਘੱਟ-ਗਿਣਤੀਆਂ ਤੇ ਦਲਿਤ ਭਾਈਚਾਰੇ ਦੀ ਲੋਹ ਸ਼ਕਤੀ ਜੋੜ ਕੇ ਮਜ਼ਬੂਤ ਕਿਲ੍ਹਾ ਕਿਉਂ ਨਹੀਂ ਖੜ੍ਹਾ ਕਰਦੇ ? ਸਾਂਝੀ ਵਿਚਾਰ ਸ਼ਕਤੀ ਯਕੀਨ ਕਰੋ, ਤਿੱਖੇ ਤੋਂ ਤਿੱਖੇ ਹਥਿਆਰਾਂ ਨੂੰ ਹਰਾ ਸਕਦੀ ਹੈ। ਇਤਿਹਾਸ ਸਬੂਤ ਵਜੋਂ ਪੱਕਾ ਗਵਾਹ ਹੈ। ਹਰ ਪੱਖੋਂ ਭੁੱਖਿਆਂ ਤੇ ਨਲੱਜਾਂ ਤੋਂ ਭੋਲੀ ਭਾਲੀ ਕੌਮ ਨੂੰ ਬਚਾਓ। ਇਹ ਕੌਮ ਨੂੰ ਵੇਚ ਕੇ, ਗ਼ੱਦਾਰੀਆਂ ਕਰਨ ਵਾਲੇ ਡੋਗਰਿਆਂ ਦੇ ਦੂਜੇ ਸਾਕ-ਸਬੰਧੀ ਹਨ। ਇਸ ਵੇਲੇ ਸਾਰੀਆਂ ਘੱਟ-ਗਿਣਤੀਆਂ ਰਾਜਸੀ ਦਾਬੇ ਵਿਚ ਆਈਆਂ ਹੋਈਆਂ ਹਨ। ਦੂਜੇ ਬੰਨੇ ਧੂੰਏਂ ਦੇ ਬੱਦਲਾਂ ਤੋਂ ਬਾਰਿਸ਼ ਦੀ ਆਸ ਨਾ ਕਰੋ। ਗੁਰੂ ਭਰੋਸੇ ਨਾਲ ਜੁੜ ਕੇ ਬਲਵਾਨ ਬਰਕਤ ਤਾਕਤ ਬਣੋ ਤੇ ਤਾਕਤ ਨੂੰ ਰਾਜਸੀ ਸੂਝ ਦੀ ਬੈਅਤ ਕਰਾਉਂਦੇ ਰਾਜ ਤੇ ਕਬਜ਼ਾ ਕਰੋ। ਜੁੜਵੀਆਂ ਸ਼ਕਤੀਆਂ ਤੇ ਸੂਝ ਦੇ ਚਾਨਣ ਨੂੰ ਕਾਮਯਾਬੀਆਂ ਨੇ ਸਦਾ ਸਲਾਮ ਕੀਤੀ ਹੈ। ਸਮੇਂ ਦੀ ਕੰਜੂਸੀ ਨਾਲ ਸੰਭਾਲ ਕਰੋ; ਸਮਾਂ ਹੀ ਸੋਨਾ ਹੈ। ਸਮਾਂ ਗਵਾ ਲੈਣ ਵਾਲਿਆਂ ਦੇ ਹੱਥ ਗ਼ੁਲਾਮੀ ਦੀਆਂ ਲੀਰਾਂ ਹੀ ਰਹਿ ਜਾਂਦੀਆਂ ਹਨ।

ਘੱਟ-ਗਿਣਤੀਆਂ ਤੇ ਵਿਹੜਿਆਂ ਦੇ ਭਾਈਚਾਰਿਆਂ ਨੂੰ ਮੇਰੀ ਵੰਗਾਰ ਹੈ; ਫ਼ਿਰਕੂ ਹਿੰਦੂਵਾਦ ਦੇ ਸਤਾਏ ਲੋਕੋ, ਪਹਿਲੋਂ ਜੁੜੋ, ਫਿਰ ਆਪਣੇ ਸੰਦ ਤੇ ਹਥਿਆਰ ਸੰਭਾਲੋ। ਸਮਾਂ ਕਦੇ ਇਕ ਥਾਂ ਪੈਰ ਗੱਡ ਕੇ ਨਹੀਂ ਠਹਿਰਦਾ। ਜ਼ੁਲਮ ਦੀ ਹਨੇਰੀ ਦਾ ਲੱਕ ਉਹਦੇ ਆਪਣੇ ਗੁਨਾਹਾਂ ਦੇ ਭਾਰ ਨਾਲ ਹੀ ਟੁੱਟੇਗਾ ਅਤੇ ਮਨੁੱਖੀ ਸਾਂਝੀਵਾਲਤਾ ਦੀ ਸਵੇਰ ਹਰ ਹਾਲਤ ਵਿਚ ਚੜ੍ਹੇਗੀ। ਮਨੁੱਖ ਕਿੰਨਾ ਬਦ ਬਲਵਾਨ ਹੋ ਜਾਵੇ; ਪਰ ਉਹ ਕੁਦਰਤ ਦੇ ਵਹਿਣ, ਚੜ੍ਹਦੇ ਸੂਰਜ ਨੂੰ ਨਹੀਂ ਰੋਕ ਸਕਦਾ। ਤੁਹਾਡਾ ਮਿਹਨਤੀ ਸੱਚ ਹਰ ਹਾਲ ਤਰੇਗਾ ਤੇ ਜ਼ੁਲਮਾਂ ਨੇ ਤਾਂ ਆਪਣੇ ਭਾਰ ਨਾਲ ਹੀ ਡੁੱਬ ਜਾਣਾ ਹੈ। ਪੁਰਾਣੇ ਹਿੰਦੁਸਤਾਨ ਦੇ ਮਾਲਕੋ ! ਫ਼ਿਰਕੂ ਹਿੰਦੂ ਤੋਂ ਕੁੱਟ ਖਾ ਕੇ ਬੌਂਦਲੇ ਸਿੱਖ, ਰਾਜਸੀ ਵਿਹੁ ਘੋਲ ਰਹੇ ਐ। ਲੜਨ ਭਿੜਨ ਨੂੰ ਇਹ ਭੂਤਨੇ ਐ। ਲਹੂ ਦਾ ਮੈਦਾਨ ਮੱਲੇ ਬਿਨਾਂ ਰਾਜ ਗੱਦੀਆਂ ਦੇ ਹੁਕਮ ਹਾਸਲ ਕਦੇ ਹੱਥ ਨਹੀਂ ਲੱਗੇ। ਇਹ ਸਿੱਖ ਬੇਇੱਜ਼ਤ ਤੇ ਕੁੱਟ ਦੇ ਵਿਰੋਧ ਵਿਚ ਮਾਯੂਸ ਹੋਏ, ਤੁਹਾਡੇ ਵਿਹੜਿਆਂ ਨੂੰ ਆਉਣਗੇ। ਫੱਟੀ ਨੂੰ ਫੱਟੀ ਮਿਲੇ,

ਤਾਕਤ ਬਣੇ ਬਲਾ।

ਦੁਸ਼ਮਣ ਯਕੀਨਨ ਲੜਾਕੂ ਸ਼ਕਤੀ ਨਹੀਂ, ਬੁਜ਼ਦਿਲ ਹੈ। ਉਹ ਤਾਂ ਤੁਹਾਡੀ ਮਿਹਨਤੀ ਸ਼ਕਤੀ ਨੂੰ ਖੇਰੂੰ-ਖੇਰੂੰ ਕਰਕੇ ਰਾਜ ਚਲਾ ਰਿਹਾ ਹੈ। ਹੁਣ ਤੱਕ ਸਿੱਖਾਂ ਨੇ ਲੜਨਾ ਤੇ ਹਲ ਵਾਹੁਣਾ ਹੀ ਸਿੱਖਿਆ ਹੈ। ਅੰਨ੍ਹੀਂ ਸ਼ਕਤੀ ਨੂੰ ਵਿਉਂਤਬੰਦ ਕਰ ਲਓ। ਲੋਹਾ ਪੂਰਾ ਗਰਮ ਹੈ, ਸੱਟ ਲਾ ਕੇ ਡੰਗ ਕੱਢ ਕਵੋ। ਦੁਸ਼ਮਣ ਦਿਨ ਦਾ ਢੋਲ ਪੋਲ ਐ; ਉਹਦੀ ਅਵਾਜ਼ ਤੋਂ ਨਾ ਡਰੋ। ਜੁੜੋ ਤੇ ਪੈਰ ਗੱਡ ਕੇ ਲੜੋ, ਚੜ੍ਹਦੀ ਕਲਾ ਤੁਹਾਨੂੰ ਵਧਾਈਆਂ ਦੇਵੇਗੀ। ਇਕੱਲੇ-ਇਕੱਲੇ ਵਾਰੀ-ਵਾਰੀ ਕੁੱਟ ਖਾ ਰਹੇ ਹੋ, ਜੁੜਵੀਂ ਲੋਹ ਸ਼ਕਤੀ ਕਿਉਂ ਨਹੀਂ ਬਣਦੇ ?

ਮੁਕਾਬਲਾ ਕੱਚੀਆਂ ਕੰਧਾਂ ਤੇ ਜੁੜੀਆਂ ਚਟਾਨਾਂ ਨਾਲ ਹੈ। ਕਿੱਥੇ ਗੁਰੂ ਗੋਬਿੰਦ ਸਿੰਘ ਦੇ ਮਾਸੂਮ ਬੱਚਿਆਂ ਨੂੰ ਸ਼ਹੀਦ ਕਰਨ ਵਾਲਾ ਸਰਹਿੰਦ ਦਾ ਬੁਜ਼ਦਿਲ ਨਵਾਬ? ਲੜਾਈ ਬੁਜ਼ਦਿਲੀ ਤੇ ਬਹਾਦਰੀ, ਸੱਚ ਤੇ ਝੂਠ ਵਿਚਕਾਰ ਲੜੀ ਜਾ ਰਹੀ ਐ। ਨੇਕੀ ਨੇ ਬਦੀ ਦਾ ਹਨੇਰਾ ਪਾੜ ਕੇ ਲੋਕਾਂ ਨੂੰ ਸੱਚ ਦੇ ਮਾਰਗ ਪਾਇਆ ਹੈ। ਜਿੱਤ ਯਕੀਨਨ ਨੇਕੀ ਨੂੰ ਮਿਲੇਗੀ। ਹੁਣ ਤੱਕ ਦੀ ਜੱਦੋ-ਜਹਿਦ ਪੱਕੀ ਗਵਾਹ ਹੈ। ਪੂਰੀ ਦ੍ਰਿੜ੍ਹਤਾ ਨਾਲ ਜੁੜੋ ਤੇ ਅੱਗੇ ਵਧੋ। ਕੂੜ ਨੂੰ ਫਿਟਕਾਰ ਤੇ ਸੱਚ ਨੂੰ ਸਦਾ ਸ਼ਾਬਾਸ਼ ਮਿਲੀ ਹੈ। ਸੱਚ ਸਦਾ ਤੁਹਾਡਾ ਅਗਵਾਨੂੰ ਰਿਹਾ ਹੈ।

ਤਸੱਲੀ ਰੱਖੋ, ਉੱਕਾ ਹੀ ਨਾ ਘਬਰਾਓ ਤੇ ਤਾਕਤ ਜੋੜੋ, ਜੱਦੋ-ਜਹਿਦ ਜਾਰੀ ਰੱਖੋ। ਹਾਲਾਤ ਦਾ ਵਗਦਾ ਪਾਣੀ ਯਕੀਨਨ ਨੀਵੇਂ ਥਾਂ ਨੂੰ ਆਵੇਗਾ। ਤੁਹਾਡੀ ਆਜ਼ਾਦ ਕਲਿਆਣ ਦਾ ਸੂਰਜ ਸੌ ਹਨੇਰੇ ਪਾੜ ਕੇ ਚੜ੍ਹੇਗਾ। ਵਿਸ਼ਵਾਸ ਕਰੋ, ਮਜ਼ਬੂਤ ਇਰਾਦੇ ਨਾਲ ਜੁੜੋ, ਸੱਚ ਦੀ ਫ਼ਤਹਿ ਨੂੰ ਕੋਈ ਬੁਜ਼ਦਿਲ ਕਦੇ ਰੋਕ ਨਹੀਂ ਸਕਿਆ। ਗੁਰੂ ਗੋਬਿੰਦ ਸਿੰਘ ਦਾ ਬਚਨ ਯਾਦ ਕਰੋ, ਜਿਸ ਝੂਠੀਆਂ ਸ਼ਾਹੀਆਂ ਠੁਕਰਾ ਕੇ ਮਿਹਨਤੀ ਕਾਮਿਆਂ ਦੀ ਨਾਦਰੀ ਨੂੰ ਗਲ ਲਾਇਆ ਤੇ ਸਾਰੇ ਪਰਿਵਾਰ ਦੀਆਂ ਸ਼ਹਾਦਤਾਂ ਦੇ ਕੇ ਤੁਹਾਨੂੰ ਸਰਦਾਰੀਆਂ ਬਖਸ਼ੀਆਂ। ਸੱਚ ਦੇ ਰਾਹ ਦੀਆਂ ਸ਼ਹਾਦਤਾਂ ਦੀ ਇਤਿਹਾਸ ਵਿਚ ਸਦਾ ਜੈ-ਜੈ ਕਾਰ ਹੋਈ ਹੈ। ਕਮਜ਼ੋਰ ਲਿਤਾੜੇ ਜੁੜ ਕੇ ਸਦਾ ਜੇਤੂ ਸ਼ਕਤੀ ਬਣੇ ਐ। ਇਤਿਹਾਸ ਇਸ ਦਾ ਪੱਕਾ ਗਵਾਹ ਹੈ।

ਹਾਂ, ਇਕ ਜ਼ਰੂਰੀ ਗੱਲ ਵਿਹੜਿਆਂ ਵਾਲੇ ਪੰਜਾਬੀਆਂ ਨੂੰ ਮਜਬੂਰੀ ਮੂੰਹ ਪੁੱਛਦਾ ਆਂ, ਵੱਖ-ਵੱਖ ਖਿੱਚੜ ਪਕਾਉਂਦਿਆਂ ਤੇ ਆਪੋ ਵਿਚ ਲੜਦਿਆਂ, ਗ਼ੁਲਾਮੀ ਦੀ ਜਿੱਲਤ ਵਿਚ ਮਰਨਾ ਹੈ; ਜਾਂ ਸ਼ਾਨਾਮੱਤਾ ਵਾਲਾ ਰਾਜ ਕਰਨਾ ਹੈ ? ਸਦੀਆਂ ਵਗਾਰਾਂ ਕੀਤੀਆਂ, ਕੁੱਟ ਖਾਧੀ, ਕਤਲ ਹੋਏ ਤੇ ਬੇਥਾਹ ਜ਼ਲੀਲ ਹੋਏ; ਹੁਣ ਤਾਂ ਸਭ ਵਖਰੇਵੇਂ ਭੁਲਾ ਕੇ ਕੌਮੀ ਏਕੇ ਵਿਚ ਆ ਜਾਓ। ਮਜ਼ਬੂਤ ਏਕਾ ਤੁਹਾਡੀਆਂ ਸਾਰੀਆਂ ਮੁਸ਼ਕਲਾਂ ਦੀ ਦਾਰੂ ਹੈ, ਕਲਿਆਣ ਹੈ। ਆਪਣੇ ਵਰਗੇ ਕੁੱਟੇ ਭੰਨੇ ਭਰਾਵਾਂ ਨੂੰ ਗਲਵੱਕੜੀਆਂ ਪਾਓ। ਫ਼ਾਰਸੀ ਕਹੌਤ, "ਕਤਰਾ ਕਤਰਾ ਸ਼ਬੇ ਦਰਿਆ।"

ਜੇ ਕਤਰਾ ਕਤਰਾ ਜੁੜ ਕੇ ਤੂਫ਼ਾਨ ਬਣ ਸਕਦਾ ਹੈ, ਕਿਉਂ ਨਹੀਂ ਯਕੀਨ ਕਰਦੇ, ਕਮਜ਼ੋਰੀਆਂ ਜੁੜ ਕੇ ਬੁਲੰਦੋ ਬਾਲਾ ਜੇਤੂ ਬਹਾਦਰੀ ਬਣ ਸਕਦੀਆਂ ਹਨ। ਹੁਣ ਜੁੜ ਕੇ ਪ੍ਰਣ ਕਰੋ, ਲੁਟੇਰੇ ਡਕੈਤਾਂ ਵਿਰੁੱਧ ਲੋਕ ਸ਼ਕਤੀ ਬਣ ਕੇ ਆਪਣੀ ਕਿਸਮਤ ਹਰ ਹਾਲ ਰੌਸ਼ਨ ਕਰਨੀ ਹੈ ਤੇ ਰਾਜ ਕਰਨਾ ਹੈ। ਨਾਹਰਾ ਹੋਵੇ, 'ਜਿਹੜਾ ਕਮਾਵੇ, ਰੱਜ ਖਾਵੇ'। ਵਿਹਲੜਾਂ ਦੇ ਭੁੱਖੇ ਮਰਨ ਵਿਚ ਹੀ ਦੇਸ਼ ਦੀ ਖੁਸ਼ਹਾਲੀ ਹੈ, ਉੱਚੀ ਸ਼ਾਨ ਹੈ। ਜ਼ੱਰਾ-ਜ਼ੱਰਾ ਜੁੜਿਆ ਪਹਾੜ, ਖੇਰੂੰ-ਖੇਰੂੰ ਹੋਇਆ ਟਿੱਬਾ ਪੈਰਾਂ ਲਿਤਾੜੀ ਰੇਤ। ਅੱਜ ਜਿਹੜੀ ਵਿਹਲੜ ਕੌਮ, ਤੁਹਾਨੂੰ ਪੈਰਾਂ ਹੇਠ ਲਿਤਾੜੀ ਤਖ਼ਤ ਮੱਲੀ ਬੈਠੀ ਹੈ; ਆਪਣਾ ਤਹਿਤ ਜਮਾਈ ਰੱਖਣ ਲਈ ਕਤਲਾਮਾਂ ਤੇ ਆ ਜਾਂਦੀ ਹੈ; ਉਹਦੇ ਅੰਦਰ ਡਰ ਬੈਠਾ ਹੋਇਆ ਹੈ; ਕਿਤੇ ਜੁੜ ਕੇ ਬਾਂਵਰੇ ਮੈਨੂੰ ਗਲ ਪਰਨੇ ਨਾ ਕਰ ਦੇਣ। ਕਰਾੜ ਦਾ ਵਿਸਰ ਭੋਲ ਦਾਅ ਲੱਗ ਗਿਆ, ਉਸ ਜੱਟ ਨੂੰ ਢਾਹ ਲਿਆ। ਕਰਾੜ ਡਰਦਾ ਉੱਤੇ ਪਿਆ ਰੋਈ ਜਾ ਰਿਹਾ ਸੀ। ਕਿਸੇ ਪੁੱਛਿਆ, "ਓਏ ਕਰਾੜਾ ਉੱਤੇ ਪਿਆ ਕਿਉਂ ਰੋਂਦਾ ਏਂ ?'

ਕਰਾੜ ਦਾ ਜਵਾਬ ਸੀ, "ਇਹ ਜੱਟ ਜਮ ਉੱਠ ਕੇ ਮੈਨੂੰ ਮਾਰੇਗਾ।"

ਤੁਸੀਂ ਮੂਰਖੋ, ਕਿਉਂ ਨਹੀਂ ਸਮਝਦੇ, ਹਜ਼ਾਰ ਵਰ੍ਹਾ ਗ਼ੁਲਾਮ ਤੇ ਮੂੰਹ ਵਿਚ ਘਾਹ ਲੈਣ ਵਾਲੇ, ਮਾਰਸ਼ਲ ਕੌਮਾਂ ਅੱਗੇ ਕਿੰਨਾ ਕੁ ਚਿਰ ਅੜ ਸਕਦੇ ਹਨ ? ਇਹ ਓਨਾ ਚਿਰ ਅੜਨਗੇ, ਤੁਹਾਨੂੰ ਕੁੱਟਦੇ ਮਾਰਦੇ ਖੱਜਲ ਵੀ ਕਰਨਗੇ, ਜਿੰਨਾ ਚਿਰ ਜੁੜ ਕੇ ਏਕੇ ਦੀ ਬੱਬ ਨਹੀਂ ਮਾਰਦੇ। ਹਰ ਤਰ੍ਹਾਂ ਦੇ ਨਿੱਕੇ ਮੋਟੇ ਸ਼ਿਕਵੇ ਵਗਾਹ ਕੇ ਮਜ਼ਬੂਤ ਬਣੋ ਤੇ ਬੱਬਰ ਸ਼ੇਰਾਂ ਦੇ ਇਤਿਹਾਸ ਨੂੰ ਮੁੜ ਦੁਨੀਆ ਵਿਚ ਰੌਸ਼ਨ ਕਰੋ।

ਮੈਂ ਮੁੜ ਦੁਹਰਾਉਂਦਾ ਆਂ, ਜਿਹੜੀ ਕੌਮ ਸਾਨੂੰ ਤੁਹਾਨੂੰ ਪੈਰਾਂ ਹੇਠ ਦੱਬੀ ਬੈਠੀ ਹੈ; ਅਣਖ ਵਾਲੀ ਕੋਈ ਯੋਧਾ ਕੌਮ ਨਹੀਂ। ਤੱਕੜੀ ਦਾ ਪਾਸਕੂ ਮਾਰਨ, ਇਕਰਾਰ ਕਰਕੇ ਮੁੱਕਰਨ ਤੇ ਪੈਰ-ਪੈਰ ਤੇ ਧੋਖਾ ਦੇਣ ਵਾਲੀ ਕੌਮ ਐ। ਚੁਸਤੀ ਚਲਾਕੀ ਇਨ੍ਹਾਂ ਦੀ ਤਾਕਤ ਹੈ। ਮਿੰਨਤ ਸਮਾਜਤ ਕਰਕੇ ਵੇਲਾ ਟਾਲ ਲੈਣਾ ਇਨ੍ਹਾਂ ਦਾ ਚਲਨ ਰਿਹਾ ਹੈ। ਦੁਸ਼ਮਣਾਂ ਨੂੰ ਸਿਰ ਪਾੜ ਲੜਾਉਣਾ ਇਨ੍ਹਾਂ ਦਾ ਮੁੱਖ ਮੰਤਵ ਹੈ। ਸਾਡਾ ਆਪੋ ਵਿਚੀ ਸਿਰ ਪਾੜ ਲੈਣ ਵਾਲਾ ਲਾਣਾ, ਲੈ ਐਨੀ ਗੱਲ ਨਹੀਂ ਸਮਝ ਸਕਿਆ। ਭਰਾਵਾਂ ਨੂੰ ਖੇਰੂੰ-ਖੇਰੂੰ ਕਰਨਾ ਤੇ ਲੜਾਉਣਾ ਹੀ ਇਨ੍ਹਾਂ ਦੀ ਵੱਡੀ ਕਾਮਯਾਬੀ ਐ। ਤਾਰੀਖ਼ੀ ਪੱਖੋਂ ਹਜ਼ਾਰ ਵਰ੍ਹਾ ਹਾਰੀ ਹੁੱਟੀ ਕੌਮ ਜੋਧਾ ਸ਼ਕਤੀ ਵਾਲੀ ਹੋ ਈ ਨਹੀਂ ਸਕਦੀ। ਨਿਰੀ ਰੇਤ ਦੀ ਟਿੱਬੀ; ਜਿਸ ਉੱਤੇ ਘਾਹ ਵੀ ਨਹੀਂ ਉੱਗ ਸਕਦਾ। ਕਿਸਾਨਾਂ ਕਾਮਿਆਂ ਦੇ ਦੇਹ ਤੋੜ ਕੰਮਾਂ ਵਿਚੋਂ ਮੁਨਾਫ਼ਾ ਕੁਤਰਨਾ ਇਨ੍ਹਾਂ ਚੂਹਿਆਂ ਦਾ ਕੰਮ ਹੈ।

"ਖੇਹ ਮਿੱਟੀ ਕਿਸਾਨੋ, ਸਿਰ ਤੁਸੀਂ ਪਾਓ, ਕਣਕ ਦਾ ਬੋਹਲ ਸਾਡਾ; ਨਸ਼ੰਗ ਸਾਰੀ ਤੂੜੀ ਤੁਸੀਂ ਘਰ ਲੈ ਜਾਓ। ਲਵੇਰਿਆਂ ਦੀ ਸਾਂਭ ਸੰਭਾਲ ਤੁਸੀਂ ਕਰੋ, ਪਰ ਸਾਡਾ ਦੁੱਧ ਦਾ ਹਿੱਸਾ ਨਾ ਭੁੱਲਣਾ।"

ਤੁਸੀਂ ਭੋਲੇ ਕਿਸਾਨੋ, ਮਾਮੂਲੀ ਹਨੇਰੀ ਉਡਾਓ, ਟਿੱਬੀ ਦਾ ਤਾਂ ਨਾਂਅ ਨਿਸ਼ਾਨ ਨਹੀਂ ਰਹੇਗਾ।

ਕਾਮਿਓ ਤੇ ਕਿਸਾਨੋ! ਗੁਰੂਕਿਆਂ ਸ਼ਹਾਦਤਾਂ ਦੇ ਕੇ ਤੁਹਾਨੂੰ ਸਿੱਦਕਵਾਨ, ਮਿਹਨਤੀ ਤੇ ਜੰਗਜੂ ਕੌਮ ਤਿਆਰ ਕੀਤਾ। ਤੁਹਾਡੇ ਬਜ਼ੁਰਗਾਂ ਕਾਬਲ ਕੰਧਾਰ ਨੂੰ ਭਾਜੜਾਂ ਪਾਈਆਂ। ਉੱਤਰੀ ਹਿੰਦੁਸਤਾਨ ਵਿਚ ਗੁਰੂ ਨਾਨਕ ਦਾ ਸਿੱਕਾ ਚਲਾਇਆ। ਹੁਣ ਕਿਉਂ ਨਿਸਾਤਲ ਗਏ ਓ? ਉੱਠੋ ਤੇ ਜੁੜ ਕੇ ਅਹਿਰਣ 'ਤੇ ਹਥੌੜੇ ਬਣੋ। ਆਪਣੀ ਭੁੱਖ ਤੇ ਇੱਜ਼ਤ ਆਬਰੂ ਦੀ ਰਾਖੀ ਲਈ ਲੋਹਾ ਗਰਮ ਕਰੋ। ਸਾਇੰਸਦਾਨਾਂ ਦੇ ਪੱਗ ਵੱਟ ਯਾਰ ਬਣੋ। ਤਾਰੀਖ਼ੀ ਜਿੱਤ, ਤੁਹਾਡੀ ਹਿੰਮਤ, ਮਿਹਨਤ ਤੇ ਸਿੱਦਕ ਨੂੰ ਹੋਕਰੇ ਮਾਰ ਰਹੀ ਐ। ਤੁਹਾਡੀ ਅਣਖ ਨੂੰ ਲਲਕਾਰੇ ਕਿਉਂ ਨਹੀਂ ਸੁਣਦੇ ? ਬਸ ਯਾਦ ਰੱਖੋ:

**ਜੁੜੇ ਬਿਨਾਂ ਸ਼ਕਤੀ ਨਹੀਂ ਤੇ ਸ਼ਕਤੀ ਬਿਨਾਂ ਮੁਕਤੀ ਨਹੀਂ।**

**ਤੇ ਕਲਿਆਣ ਬਿਨਾਂ ਡਿੱਗੀ ਕੌਮ ਦਾ ਵਕਾਰ ਨਹੀਂ।**

ਸੋ ਸਾਥੀਓ! ਯੋਧਿਓ, ਵਧੇ ਚਲੋ, ਵਧੇ ਚਲੋ, ਆਖ਼ਰੀ ਜਿੱਤ ਬਿਨਾਂ ਕੋਈ ਪੜਾਅ ਨਹੀਂ। ਦੁਸ਼ਮਣ ਨੂੰ ਚਿੱਤ ਕਰੇ ਬਿਨਾਂ ਕੁਝ ਹਾਸਲ ਨਹੀਂ। ਲੜਾਈ ਮਜਬੂਰੀ ਮੂੰਹ ਓਦੋਂ ਅੱਗਾਂ ਵਲਦੀ ਹੈ; ਜਦੋਂ ਸਾਰੀਆਂ ਦਲੀਲਾਂ-ਸਬੀਲਾਂ ਫੇਲ੍ਹ ਹੋ ਜਾਂਦੀਆਂ ਹਨ।



# ਸਿੱਖ ਧਰਮ ਦੇ ਪ੍ਰਸੰਗ 'ਚ ਜਾਤ-ਪਾਤ ਦਾ ਵਰਤਾਰਾ

ਤਲਵਿੰਦਰ ਸਿੰਘ ਬੁੱਟਰ

**ਸਿੱਖ ਧਰਮ ਦਾ ਭਵਿੱਖ ਇਸ ਗੱਲ ਦੀ ਮੰਗ ਕਰਦਾ ਹੈ ਕਿ ਅੱਜ ਸਿੱਖ ਸਮਾਜ ਨੂੰ ਜਾਤ-ਪਾਤ ਤੋਂ ਪੂਰੀ ਤਰ੍ਹਾਂ ਮੁਕਤ ਕਰਨ ਲਈ 'ਸਿੰਘ ਸਭਾ' ਲਹਿਰ ਵਰਗੀ ਵੱਡੇ ਉਦੇਸ਼ਾਂ 'ਤੇ ਆਧਾਰਤ ਧਰਮ ਪ੍ਰਚਾਰ ਲਹਿਰ ਆਰੰਭ ਕੀਤੀ ਜਾਵੇ, ਤਾਂ ਜੋ ਗੁਰੂ ਸਾਹਿਬਾਨ ਦੇ 'ਸਰਬ ਸਾਂਝੀਵਾਲਤਾ' ਵਾਲੇ ਮਹਾਨ ਫ਼ਲਸਫ਼ੇ ਨੂੰ ਵਿਸ਼ਵ ਸਮਾਜ ਅਤੇ ਮਨੁੱਖੀ ਭਾਈਚਾਰੇ ਦੇ ਪ੍ਰਸੰਗ ਵਿਚ ਰੱਖ ਕੇ ਸਹੀ ਰੂਪ ਵਿਚ ਸਮਝਣ ਦੀਆਂ ਅੰਤਰ-ਦ੍ਰਿਸ਼ਟੀਆਂ ਖੋਲ੍ਹੀਆਂ ਜਾ ਸਕਣ। ਸਿੱਖੀ ਤੋਂ ਟੁੱਟ ਰਹੇ ਭਾਈਚਾਰਿਆਂ ਨੂੰ ਗੁਰਮਤਿ ਸੱਭਿਆਚਾਰ ਨਾਲ ਜੋੜ ਕੇ ''ਚਾਰਿ ਵਰਨ ਇਕ ਵਰਨੁ ਕਰਾਇਆ॥''**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਵੇਲੇ ਸਿੱਖ ਧਰਮ ਦੀ ਨੀਂਹ ਰੱਖੀ ਸੀ ਤਾਂ ਉਸ ਵੇਲੇ ਸਮਾਜ ਅਤੇ ਧਰਮ ਜਾਤ-ਪਾਤ ਦੇ ਵਿਤਕਰਿਆਂ ਵਿਚ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ। ਜਾਤ-ਵਰਣ ਦੇ ਵੰਡ-ਵਿਤਕਰਿਆਂ ਵਾਲੇ ਸਮਾਜ 'ਚ ਅਖੌਤੀ ਨੀਚ ਜਾਤ ਆਖੇ ਜਾਣ ਵਾਲੇ ਲੋਕਾਂ ਕੋਲੋਂ ਉਨ੍ਹਾਂ ਦੇ ਸਾਰੇ ਮਨੁੱਖੀ ਹਕੂਕ ਅਤੇ ਧਰਮ ਕਰਮ ਦੇ ਅਧਿਕਾਰ ਖੋਹ ਲਏ ਗਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਦਾ ਖੰਡਨ ਕੀਤਾ ਅਤੇ ਹਰੇਕ ਮਨੁੱਖ ਨੂੰ ਇਕ ਪਰਮਾਤਮਾ ਦੀ ਜੋਤ ਜਾਣ ਕੇ ਮਨੁੱਖੀ ਭਾਈਚਾਰੇ ਨੂੰ ਆਪਸੀ ਸਦਭਾਵਨਾ ਅਤੇ ਪਿਆਰ ਦਾ ਸੁਨੇਹਾ ਦਿੱਤਾ। ਗੁਰੂ ਸਾਹਿਬ ਨੇ ਬੁਲੰਦ ਆਵਾਜ਼ ਵਿਚ ਫ਼ਰਮਾਇਆ:

**''ਜਾਣਹੁ ਜੋਤਿ ਨ ਪੂਛਹੁ ਜਾਤੀ, ਆਗੈ ਜਾਤਿ ਨ ਹੇ॥''** (ਅੰਗ: ੩੪੯)

ਗੁਰੂ ਸਾਹਿਬ ਨੇ ਜਾਤ ਨਾਲੋਂ ਮਨੁੱਖ ਦੇ ਕਰਮਾਂ ਦੀ ਪ੍ਰਧਾਨਤਾ 'ਤੇ ਜ਼ੋਰ ਦਿੰਦਿਆਂ ਆਖਿਆ ਕਿ ਰੱਬ ਦੀ ਦਰਗਾਹ 'ਚ ਕਿਸੇ ਦੀ ਉੱਚੀ-ਨੀਵੀਂ ਜਾਤ ਨਹੀਂ ਦੇਖੀ ਜਾਂਦੀ, ਉਥੇ ਸਿਰਫ਼ ਮਨੁੱਖ ਦੇ ਕੀਤੇ ਭਲੇ ਕਰਮਾਂ ਨੂੰ ਹੀ ਆਦਰ ਮਿਲਦਾ ਹੈ।

**''ਅਗੈ ਜਾਤਿ ਨ ਜੋਰੁ ਹੈ, ਅਗੈ ਜੀਉ ਨਵੇ॥ ਜਿਨ੍ ਕੀ ਲੇਖੈ ਪਤਿ ਪਵੈ, ਚੰਗੇ ਸੇਈ ਕੇਇ॥''** (ਅੰਗ: ੪੬੯)

ਜਾਤ ਅਭਿਮਾਨ ਕਰਨ ਵਾਲਿਆਂ ਨੂੰ ਗੁਰੂ ਸਾਹਿਬ ਨੇ ਇਸ ਤਰ੍ਹਾਂ ਨਕਾਰਿਆ:

**''ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥''** (ਅੰਗ: ੮੩)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਨੀਵੀਂ ਜਾਤ 'ਚੋਂ ਸਮਝੇ ਜਾਂਦੇ ਡੂੰਮ ਭਾਈ ਮਰਦਾਨਾ ਨੂੰ ਆਪਣੇ ਸਫ਼ਰਾਂ ਦਾ ਸਾਥੀ ਬਣਾਇਆ ਅਤੇ ਸਾਰੀ ਰੱਬੀ ਬਾਣੀ ਦਾ ਉਚਾਰਨ ਅਤੇ ਗਾਇਨ ਭਾਈ ਮਰਦਾਨੇ ਦੀ ਰਬਾਬ ਨਾਲ ਕੀਤਾ। ਗੁਰੂ ਸਾਹਿਬ ਨੇ ਆਪਣੀ ਪਹਿਲੀ ਉਦਾਸੀ ਦੌਰਾਨ ਉੱਚ ਜਾਤ ਦੇ ਅਭਿਮਾਨੀ ਮਲਿਕ ਭਾਗੋ ਨੂੰ ਨਕਾਰ ਕੇ ਇਕ ਕਿਰਤੀ ਤਰਖਾਣ ਭਾਈ ਲਾਲੋ ਦੇ ਘਰ ਪੜਾਅ ਕੀਤਾ ਅਤੇ ਸਮਾਜ 'ਚ ਕਿਰਤੀ ਵਰਗ ਨੂੰ ਸਨਮਾਨ ਦਿੱਤਾ।

**''ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ॥**
**ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ॥''** (ਅੰਗ: ੧੫)

ਤੀਜੀ ਪਾਤਿਸ਼ਾਹੀ ਸ੍ਰੀ ਗੁਰੂ ਅਮਰਦਾਸ

ਜੀ ਨੇ ਵੀ ਜਾਤ-ਪਾਤ ਦੇ ਫ਼ਰਕ-ਭੇਦ ਨੂੰ ਸਿਧਾਂਤਕ ਤੌਰ 'ਤੇ ਰੱਦ ਕੀਤਾ ਅਤੇ ਜਾਤ-ਪਾਤ ਦਾ ਮਾਣ ਕਰਨ ਵਾਲੇ ਮਨੁੱਖ ਨੂੰ ਗਵਾਰ ਕਰਾਰ ਦਿੱਤਾ।

**"ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣ ਹੋਈ॥**
**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥"**
(ਅੰਗ: ੧੧੨੭)

ਇਕ ਵਾਰ ਦੋ ਭੱਲਾ ਖੱਤਰੀ ਬਿਰਾਦਰੀ ਦੇ ਦੌਲਤਮੰਦ ਵਿਅਕਤੀ ਪ੍ਰਿਥੀਮਲ ਅਤੇ ਤੁਲਸਾ ਸ੍ਰੀ ਗੁਰੂ ਅਮਰਦਾਸ ਜੀ ਕੋਲ ਆਏ ਅਤੇ ਕਹਿਣ ਲੱਗੇ, 'ਤੁਹਾਡੀ ਸਾਡੀ ਜਾਤ ਇਕੋ ਹੈ।' ਗੁਰੂ ਜੀ ਬੋਲੇ, 'ਸੰਤਾਂ ਦੀ ਕੋਈ ਜਾਤ ਪਾਤ ਨਹੀਂ ਹੁੰਦੀ। ਹਰ ਮਨੁੱਖ ਦੀ ਦੇਹ ਪੰਜ ਤੱਤਾਂ ਦੀ ਬਣੀ ਹੋਈ ਹੈ। ਜੀਵ ਪ੍ਰਮੇਸ਼ਰ ਦੀ ਜਾਤ ਹੈ।' ਜਾਤ-ਪਾਤ ਦਾ ਪਾੜਾ ਖ਼ਤਮ ਕਰਨ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖਾਂ ਵਿਚ ਅੰਤਰਜਾਤੀ ਵਿਆਹ ਦੀ ਰੀਤ ਵੀ ਆਰੰਭ ਕੀਤੀ।

ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖਾਂ ਵਿਚੋਂ ਜਾਤ-ਪਾਤ ਦਾ ਫ਼ਰਕ ਮਿਟਾਉਣ ਲਈ ਸਰੋਵਰ ਬਣਵਾਏ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਾਜਨਾ ਕਰਕੇ ਚਾਰੇ ਵਰਣਾਂ ਅਤੇ ਚਾਰੇ ਦਿਸ਼ਾਵਾਂ ਦੇ ਲੋਕਾਂ ਨੂੰ ਗੁਰੂ-ਘਰ ਵਿਚ ਬਰਾਬਰ ਪਿਆਰ ਬਖ਼ਸ਼ਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਜਾਤ-ਪਾਤ ਦੇ ਫ਼ਰਕ ਨੂੰ ਮਿਟਾਉਣ ਲਈ ਗੁਰਸਿੱਖਾਂ ਵਿਚ ਬਿਨਾਂ ਜਾਤ-ਪਾਤ ਵਿਚਾਰੇ ਵਿਆਹ ਕਰਵਾਏ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਗੁਰੂ-ਘਰ ਦੇ ਪੀੜ੍ਹੀ-ਦਰ-ਪੀੜ੍ਹੀ ਅਨਿੰਨ ਸੇਵਕ ਚਲੇ ਆ ਰਹੇ ਮਜ਼੍ਹਬੀ ਭਾਈਚਾਰੇ ਵਿਚੋਂ, ਭਾਈ ਸਦਾ ਨੰਦ ਦਾ ਵਿਆਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਹੱਥੀਂ ਪੰਡਤ ਸ਼ਿਵ ਨਰਾਇਣ ਦੀ ਪੁੱਤਰੀ ਬੀਬੀ ਲਾਜਵੰਤੀ ਦੇ ਨਾਲ ਕਰਵਾਇਆ ਸੀ, ਜਿਨ੍ਹਾਂ ਦੀ ਕੁੱਖੋਂ ਸਿੱਖ ਇਤਿਹਾਸ ਦੇ ਮਹਾਨ ਨਾਇਕ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ) ਨੇ ਜਨਮ ਲਿਆ।

ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਚਹੁੰ ਵਰਣਾਂ ਦੇ ਲੋਕਾਂ ਨੂੰ ਇਕ ਬਾਟੇ ਵਿਚੋਂ ਅੰਮ੍ਰਿਤ ਛਕਾਇਆ। ਜਾਤ-ਪਾਤ ਭਿੰਨ-ਭੇਦ ਮਿਟਾ ਦਿੱਤਾ। ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਅੱਜ ਤੋਂ ਤੁਸੀਂ "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ" ਹੈ ਅਤੇ ਪਿਛਲੀ ਕੁਲ, ਵੰਸ਼, ਜਾਤ, ਦੇਸ਼ ਅਤੇ ਕਰਮ ਦਾ ਖ਼ਿਆਲ ਤੱਕ ਤਿਆਗ਼ ਦੇਣਾ ਹੈ। ਜਿਹੜਾ ਸਿੱਖ, ਸਿੱਖ ਨੂੰ ਉਸ ਦੀ ਜਾਤ ਪੁੱਛੇਗਾ, ਸੋ ਤਨਖ਼ਾਹੀਆ ਹੋਵੇਗਾ। ਉਹ ਗੁਰੂ ਦੀ ਪ੍ਰਸੰਨਤਾ ਹਾਸਲ ਨਹੀਂ ਕਰ ਸਕਦਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਚ ਪਹਾੜੀ ਰਾਜਿਆਂ ਨੇ ਸੁਲ੍ਹਾ-ਸਫ਼ਾਈ ਲਈ ਬਾਸ਼ਰਤ ਤਜਵੀਜ਼ ਭੇਜੀ ਕਿ, (ਅਖੌਤੀ) ਸਵਰਨ ਜਾਤਾਂ ਨੂੰ 'ਸ਼ੂਦਰਾਂ' ਤੋਂ ਵੱਖਰੇ ਬਾਟੇ ਵਿਚ ਅੰਮ੍ਰਿਤ ਛਕਾਇਆ ਜਾਵੇ ਅਤੇ (ਅਖੌਤੀ) ਸਵਰਨ ਜਾਤਾਂ ਲਈ ਪੰਗਤ ਛੋਟੀਆਂ ਜਾਤਾਂ ਤੋਂ ਵੱਖਰੀ ਲਗਾਈ ਜਾਵੇ, ਤਾਂ ਗੁਰੂ ਸਾਹਿਬ ਨੇ ਇਨ੍ਹਾਂ ਸ਼ਰਤਾਂ ਨੂੰ ਮੁੱਢੋਂ ਹੀ ਖਾਰਜ ਕਰਕੇ ਫ਼ਰਮਾਇਆ, **"ਇਨ ਗਰੀਬ ਸਿਖਨ ਕੋ ਦਊਂ ਪਾਤਸ਼ਾਹੀ॥ ਯੇਹ ਯਾਦ ਕਰਹਿਂ ਹਮਰੀ ਗੁਰਿਆਈ॥"**

ਇਤਿਹਾਸਕਾਰ ਕਨਿੰਘਮ ਲਿਖਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਿਰਜਣਾ ਕਰਕੇ ਹਾਰ ਦੀ ਮਾਨਸਿਕਤਾ ਵਿਚ ਜਿਊਣ ਵਾਲੇ ਲੋਕਾਂ ਵਿਚ ਬਹਾਦਰੀ ਅਤੇ ਕੌਮੀ ਗੌਰਵ ਦੇ ਉੱਚੇ ਆਦਰਸ਼ਾਂ ਨੂੰ ਭਰ ਦਿੱਤਾ। ਬਹਾਦਰੀ, ਜਬਰ-ਜ਼ੁਲਮ ਕਰਨ ਵਾਲੇ ਲੋਕਾਂ ਉੱਤੇ ਫ਼ਤਹਿ ਹਾਸਲ ਕਰਨ ਅਤੇ ਸਮਾਜ ਨੂੰ ਇਕ ਠੋਸ ਅਗਵਾਈ ਦੇਣ ਵਾਲੇ ਵਗਦੇ ਦਰਿਆ ਦੀ ਵਿਸ਼ਾਲਤਾ ਵਾਂਗ ਹੀ, ਗੁਰੂ ਸਾਹਿਬ ਨੇ ਸਦੀਆਂ ਤੋਂ ਲਿਤਾੜੇ ਜਾ ਰਹੇ ਸਮਾਜ ਨੂੰ ਸਵੈਮਾਣ ਨਾਲ ਜਿਊਣ ਦੀ ਜਾਚ ਦੱਸੀ।

ਜ਼ਾਹਰ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਜਾਮਿਆਂ ਵਿਚ ਗੁਰੂ ਸਾਹਿਬਾਨ ਨੇ ੨੩੯ ਸਾਲ ਦੇ ਸਿੱਖ ਇਨਕਲਾਬ ਦੇ ਵਿਕਾਸ, ਵਿਗਾਸ ਅਤੇ ਮੁਕੰਮਲਤਾ ਦੌਰਾਨ ਸਿੱਖ ਸਮਾਜ ਅੰਦਰੋਂ ਜਾਤ, ਵਰਣ, ਕੁੱਲ, ਰੰਗ, ਅਮੀਰੀ-ਗਰੀਬੀ ਦੇ ਭਿੰਨ-ਭੇਦ ਨੂੰ ਮੂਲੋਂ ਹੀ ਖ਼ਤਮ ਕਰ ਦਿੱਤਾ ਸੀ। ਸਦੀਆਂ ਤੋਂ ਮਨੂੰਵਾਦੀ ਵਰਣ-ਵੰਡ ਪ੍ਰਣਾਲੀ ਦੁਆਰਾ ਸਮਾਜ 'ਚ ਨਪੀੜ ਅਤੇ ਲਿਤਾੜ ਕੇ ਰੱਖੇ ਨਿਥਾਵੇਂ, ਨਿਆਸਰੇ ਲੋਕ ਵੱਡੀ ਗਿਣਤੀ 'ਚ ਸਿੰਘ ਸਜ ਕੇ ਸਵੈਮਾਣ ਦੀ ਜ਼ਿੰਦਗੀ ਜਿਊਣ ਲੱਗੇ।

## ਸਿੱਖ ਸਮਾਜ 'ਚ ਜਾਤ-ਪਾਤ ਕਿਵੇਂ ਆਈ ?

ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਸਿੱਖ ਮਿਸਲਾਂ ਦੀ ਸਥਾਪਨਾ ਵੇਲੇ 'ਜਾਤ-ਪਾਤ' ਦਾ ਸੂਖਮ ਬੀਜ਼ ਸਿੱਖ ਪੰਥ ਵਿਚ ਫੁੱਟਣ ਲੱਗ ਪਿਆ ਸੀ। ਭਾਵੇਂਕਿ ਮਿਸਲਾਂ ਵਿਚ ਉਹੀ ਲੋਕ ਭਰਤੀ ਹੋਏ, ਜੋ ਆਮ ਤੌਰ 'ਤੇ ਕਿਸਾਨੀ ਕਿੱਤੇ ਨਾਲ ਸਬੰਧਤ ਸਨ। ਸ਼ਹਿਰਾਂ ਦਾ ਵਪਾਰੀ ਵਰਗ ਇਨ੍ਹਾਂ ਵਿਚ ਘੱਟ ਹੀ ਰਲਿਆ। ਪਰ ਇਤਿਹਾਸਕਾਰ ਏ.ਸੀ. ਬੈਨਰਜੀ ਲਿਖਦਾ ਹੈ ਕਿ ਕਿਸਾਨੀ ਵਰਗ ਸਿੱਖ ਸਿਧਾਂਤਾਂ ਵਿਚ ਅਜੇ ਪੂਰੀ ਤਰ੍ਹਾਂ ਸਿੱਖਿਅਤ ਨਹੀਂ ਸੀ ਹੋਇਆ, ਜਿਸ ਕਰਕੇ ਅਠ੍ਹਾਰਵੀਂ ਅਤੇ ਉੱਨ੍ਹੀਵੀਂ ਸਦੀ ਵਿਚ ਖ਼ਾਲਸਾ ਬਿਪਰਨ ਕੀ ਰੀਤ ਵੱਲ ਤੁਰ ਪਿਆ। ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੌਰਾਨ ਵੱਡੀ ਗਿਣਤੀ ਵਿਚ ਹਿੰਦੂ ਖੱਤਰੀਆਂ ਅਤੇ ਹੋਰ ਉੱਚ ਜਾਤੀ ਆਨਮਤੀ ਲੋਕਾਂ ਨੇ ਸਿੱਖ ਧਰਮ ਧਾਰਨ ਕਰ ਲਿਆ। ਇਸ ਦੌਰਾਨ ਭਾਵੇਂਕਿ ਸਿੱਖਾਂ ਦੀ ਗਿਣਤੀ ਤਾਂ ਤੇਜ਼ੀ ਨਾਲ ਵਧੀ ਪਰ ਸਿੱਖ ਸਿਧਾਂਤ ਅਤੇ ਸਿੱਖ ਜੀਵਨ ਅਮਲ ਵਿਚ ਫ਼ਰਕ ਪੈਣਾ ਸ਼ੁਰੂ ਹੋ ਗਿਆ। ਸਿੱਖ ਰਾਜ ਦੌਰਾਨ ਸਿੱਖ ਧਰਮ ਨੂੰ ਅਪਨਾਉਣ ਵਾਲੇ ਲੋਕਾਂ ਨੇ ਆਪਣੇ ਪਿਛਲੇ ਸੰਸਕਾਰ ਪੂਰੀ ਤਰ੍ਹਾਂ ਨਹੀਂ ਤਿਆਗੇ ਅਤੇ ਸਿੱਖ ਸਮਾਜ ਅੰਦਰ ਉਨ੍ਹਾਂ ਕਰਮ-ਕਾਂਡੀ ਤੇ ਆਨਮਤੀ ਸੰਸਕਾਰਾਂ ਦਾ ਬੋਲਬਾਲਾ ਸ਼ੁਰੂ ਹੋ ਗਿਆ, ਜਿਨ੍ਹਾਂ ਦਾ ਗੁਰੂ ਸਾਹਿਬਾਨ ਨੇ ਜ਼ੋਰਦਾਰ ਖੰਡਨ ਕੀਤਾ ਸੀ। ਮਿਸਾਲ ਵਜੋਂ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰਾਂ ਦੇ ਵਿਆਹ ਅਤੇ ਹੋਰ ਸੰਸਕਾਰ ਬ੍ਰਾਹਮਣੀ ਰੀਤੀ ਅਨੁਸਾਰ ਹੋਏ। ਕੁਝ ਕੁ ਰਾਣੀਆਂ ਵੀ ਰਣਜੀਤ ਸਿੰਘ ਦੀ ਚਿਖਾ ਵਿਚ ਸੜ ਕੇ ਸਤੀ ਹੋ ਗਈਆਂ। ਇਵੇਂ ਹੀ ਸਿੱਖ ਸਮਾਜ ਅੰਦਰ ਜਾਤ-ਪਾਤ ਦਾ ਵਿਤਕਰਾ ਵੀ ਪੈਦਾ ਹੋ ਗਿਆ। ਪਹਿਲਾਂ ਜੱਟ-ਸਿੱਖ ਅਤੇ ਸ਼ਹਿਰੀ-ਸਿੱਖ ਅਤੇ ਬਾਅਦ ਵਿਚ ਜੱਟ-ਸਿੱਖ ਅਤੇ ਗ਼ੈਰ-ਜੱਟ-ਸਿੱਖ (ਕਥਿਤ ਦਲਿਤ) ਭਿੰਨ-ਭੇਦ ਆਰੰਭ ਹੋ ਗਏ। ਹਾਲਾਂਕਿ ਮੁੱਢਲੇ ਤੌਰ 'ਤੇ ਜੱਟ ਵੀ ਕਥਿਤ ਦਲਿਤ ਸ਼੍ਰੇਣੀ ਵਿਚ ਆਉਂਦੇ ਸਨ, ਇਤਿਹਾਸਕਾਰ ਇੰਦੂ ਭੂਸ਼ਨ ਬੈਨਰਜੀ ਵੀ ਗਵਾਹੀ ਭਰਦਾ ਹੈ, 'ਗੁਰੂ ਗੋਬਿੰਦ ਸਿੰਘ ਜੀ ਦੇ ਬਹੁਤ ਸੇਵਕ ਜੱਟ ਸਨ, ਜਿਨ੍ਹਾਂ ਨੂੰ ਰਾਜਪੂਤ ਘਟੀਆ ਜਾਤ ਦੇ ਸਮਝਦੇ ਸਨ। ਇਸੇ ਕਾਰਨ ਹੀ ਰਾਜਪੂਤ ਗੁਰੂ ਜੀ ਨਾਲ ਘ੍ਰਿਣਾ ਕਰਦੇ ਸਨ।' ਬਾਬਾ ਬੰਦਾ ਸਿੰਘ ਬਹਾਦਰ ਵਲੋਂ ਪਹਿਲੇ ਖ਼ਾਲਸਾ ਰਾਜ ਵਿਚ ਹਲਵਾਹਕਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦੇਣ ਕਾਰਨ ਜੱਟ-ਸਿੱਖ ਆਰਥਿਕ




ਤੌਰ ’ਤੇ ਸਮਰੱਥ ਹੋ ਗਏ ਅਤੇ ਹਿੰਦੂ ਸਮਾਜ ਦੀਆਂ ਉੱਚ ਸ਼੍ਰੇਣੀਆਂ ’ਚੋਂ ਸਿੱਖ ਬਣੇ ਲੋਕਾਂ ਦੀ ਕਤਾਰ ’ਚ ਖੜ੍ਹੇ ਹੋ ਗਏ। ਇਨ੍ਹਾਂ ਵਲੋਂ ਅਖੌਤੀ ਸ਼ੂਦਰ ਆਖੀਆਂ ਜਾਂਦੀਆਂ ਦੂਜੀਆਂ ਸ਼੍ਰੇਣੀਆਂ ’ਚੋਂ ਸਿੱਖ ਬਣੇ ਲੋਕਾਂ ਨਾਲ ਜਾਤ-ਪਾਤ ਦਾ ਵਿਤਕਰਾ ਆਰੰਭ ਹੋ ਗਿਆ।

ਅਕਾਲੀ ਫੂਲਾ ਸਿੰਘ ਦੇ ਅਕਾਲ ਚਲਾਣੇ ਤੋਂ ਉਪਰੰਤ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਅਤੇ ਬਾਅਦ ਵਿਚ ਗੁਰਦੁਆਰਿਆਂ ਦੀ ਸੇਵਾ-ਸੰਭਾਲ ਉਨ੍ਹਾਂ ਮਹੰਤਾਂ ਕੋਲ ਚਲੀ ਗਈ, ਜਿਨ੍ਹਾਂ ਵਿਚ ਬ੍ਰਾਹਮਣੀ ਕਰਮ-ਕਾਂਡਾਂ ਅਤੇ ਰੀਤੀ-ਰਿਵਾਜ਼ਾਂ ਦਾ ਬੋਲਬਾਲਾ ਸੀ। ਅੰਗਰੇਜ਼ਾਂ ਨੇ ਵੀ ਸਿੱਖਾਂ ਦੀ ਪੰਥਕ ਏਕਤਾ ਨੂੰ ਖੇਰੂੰ-ਖੇਰੂੰ ਕਰਨ ਦੇ ਮਕਸਦ ਲਈ ਇਨ੍ਹਾਂ ਮਹੰਤਾਂ ਨੂੰ ਥਾਪੜਾ ਦਿੱਤਾ ਅਤੇ ‘ਜਾਤ-ਪਾਤ’ ਨੂੰ ਉਤਸ਼ਾਹਤ ਕਰਨ ਵਿਚ ਲੁਕਵੀਂ ਭੂਮਿਕਾ ਨਿਭਾਈ। ਇਸ ਦੌਰਾਨ ਜਿੱਥੇ ਗੁਰਦੁਆਰਿਆਂ ਅੰਦਰ ਮੂਰਤੀਆਂ ਸਥਾਪਤ ਹੋਣ ਲੱਗੀਆਂ, ਉਥੇ ਜਾਤ-ਪਾਤ ਦਾ ਵਿਤਕਰਾ ਵੀ ਕੀਤਾ ਜਾਣ ਲੱਗਾ। ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ’ਤੇ ਕਾਬਜ਼ ਪੁਜਾਰੀਆਂ ਨੇ ਦਲਿਤ ਆਖੇ ਜਾਣ ਵਾਲੇ ਸਿੱਖਾਂ ਦਾ ਕੜਾਹ ਪ੍ਰਸ਼ਾਦ ਕਬੂਲ ਕਰਨਾ ਬੰਦ ਕਰ ਦਿੱਤਾ। ਵੀਹਵੀਂ ਸਦੀ ਦੀ ਸ਼ੁਰੂਆਤ ਦੌਰਾਨ ਸਿੰਘ ਸਭਾ ਲਹਿਰ, ਅਕਾਲੀ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ। ਇਸ ਦੌਰਾਨ ੧੦ ਤੋਂ ੧੨ ਅਕਤੂਬਰ ੧੯੨੦ ਨੂੰ ਗੁਰਦੁਆਰਾ ਸੁਧਾਰ ਲਹਿਰ ਤਹਿਤ ਜੱਲਿਆਂਵਾਲਾ ਬਾਗ਼ ’ਚ ਕਥਿਤ ਪੱਛੜੀਆਂ ਜਾਤਾਂ ਦੇ ਸਿੱਖਾਂ ਦਾ ਇਕ ਵੱਡਾ ਇਕੱਠ ਬੁਲਾਇਆ ਗਿਆ। ਇਸ ਦੌਰਾਨ ਵੀ ਉਨ੍ਹਾਂ ਸਿੱਖਾਂ ਨੂੰ ਲੰਗਰ ਵਾਸਤੇ ਭਾਂਡੇ ਨਾ ਦਿੱਤੇ ਗਏ। ੧੧ ਅਕਤੂਬਰ ਨੂੰ ਮਤਾ ਪਾਸ ਹੋਇਆ ਕਿ ਅਗਲੀ ਸਵੇਰ ਨੂੰ ਕਥਿਤ ਪੱਛੜੀਆਂ ਜਾਤਾਂ ਦੇ ਸਿੱਖ ਸ੍ਰੀ ਦਰਬਾਰ ਸਾਹਿਬ ਪ੍ਰਸ਼ਾਦ ਲੈ ਕੇ ਜਾਣਗੇ। ਅਗਲੇ ਦਿਨ ਬਹੁਤ ਸਾਰੇ ਪੱਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਨੇ ਅੰਮ੍ਰਿਤ ਛਕਿਆ ਅਤੇ ਬਾਅਦ ਵਿਚ ਸਾਰੇ ਸਿੰਘ ਇਕੱਠੇ ਹੋ ਕੇ ਸ੍ਰੀ ਦਰਬਾਰ ਸਾਹਿਬ ਗਏ। ਉਨ੍ਹਾਂ ਦਾ ਪ੍ਰਸ਼ਾਦ ਪੁਜਾਰੀਆਂ ਨੇ ਕਬੂਲ ਨਾ ਕੀਤਾ। ਪ੍ਰੋ. ਹਰਕਿਸ਼ਨ ਸਿੰਘ ਬਾਵਾ ਨੇ ਗਲ ਵਿਚ ਪੱਲਾ ਪਾ ਕੇ ਤਿੰਨ ਵਾਰੀ ਪੁਜਾਰੀਆਂ ਨੂੰ ਅਰਜ ਕੀਤੀ ਪਰ ਉਨ੍ਹਾਂ ਨੇ ਫਿਰ ਵੀ ਪ੍ਰਸ਼ਾਦ ਕਬੂਲ ਨਾ ਕੀਤਾ। ਇਸ ਦੌਰਾਨ ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਜਥੇਦਾਰ ਤੇਜਾ ਸਿੰਘ ਭੁੱਚਰ ਦੀ ਅਗਵਾਈ ’ਚ ਸੰਗਤਾਂ ਨੇ ਇਸ ਕੁਰੀਤੀ ਦੇ ਖ਼ਿਲਾਫ਼ ਮੋਰਚਾ ਲਾ ਲਿਆ। ਪੁਜਾਰੀ ਆਪਣੀ ਗੱਲ ’ਤੇ ਅੜੇ ਰਹੇ। ਅਖ਼ੀਰ ਫ਼ੈਸਲਾ ਹੋਇਆ ਕਿ ਅਰਦਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਖਵਾਕ ਲਿਆ ਜਾਵੇ। ਹੁਕਮ ਆਇਆ:

ਸੋਰਠਿ ਮ: ੩ ਦੁਤੁਕੀ॥

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ, ਸਤਿਗੁਰ ਕੀ ਸੇਵਾ ਲਾਇ॥

ਸਤਿਗੁਰ ਕੀ ਸੇਵਾ ਊਤਮ ਹੈ ਭਾਈ, ਰਾਮ ਨਾਮਿ ਚਿਤੁ ਲਾਇ॥... (ਅੰਗ: ੬੩੮)

ਸੰਗਤਾਂ ਇਹ ਇਲਾਹੀ ਹੁਕਮ ਸੁਣ ਕੇ ਵਿਸਮਾਦ ’ਚ ਆ ਗਈਆਂ। ਅਖ਼ੀਰ ਪੁਜਾਰੀਆਂ ਨੂੰ ਕਥਿਤ ਪੱਛੜੀਆਂ ਜਾਤਾਂ ਦੇ ਸਿੱਖਾਂ ਦਾ ਪ੍ਰਸ਼ਾਦ ਕਬੂਲ ਕਰਨਾ ਪਿਆ ਅਤੇ ਪ੍ਰਸ਼ਾਦ ਸਾਰੀ ਸੰਗਤ ਵਿਚ ਵਰਤਾਇਆ ਗਿਆ। ਇਸ ਤਰ੍ਹਾਂ ਗੁਰਦੁਆਰਾ ਸੁਧਾਰ ਲਹਿਰ ਦੀ ਇਕ ਪਵਿੱਤਰ ਭਾਵਨਾ ਗੁਰਦੁਆਰਿਆਂ ਅਤੇ ਸਿੱਖ ਸਮਾਜ ਅੰਦਰੋਂ ਜਾਤ-ਪਾਤ ਦੇ ਪੈਦਾ ਹੋਏ ਵਿਤਕਰੇ ਨੂੰ ਦੂਰ ਕਰਨਾ ਵੀ ਸੀ। ਅਖ਼ੀਰ ਮਹੰਤਾਂ ਨੂੰ ਗੁਰਦੁਆਰੇ ਛੱਡਣੇ ਪਏ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਇਆ।

ਸ਼੍ਰੋਮਣੀ ਕਮੇਟੀ ਦੀ ਸਥਾਪਨਾ ਦੇ ਨਾਲ ਹੀ ਸਿੱਖ ਪੰਥ ਨੇ ਜਾਤ-ਪਾਤ ਦੀ ਕੁਰੀਤੀ

ਖ਼ਤਮ ਕਰਨ ਲਈ ਕਥਿਤ ਨੀਵੀਆਂ ਜਾਤਾਂ ਸਮਝੇ ਜਾਣ ਵਾਲੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਵਿਚ ਸ਼ਾਮਲ ਕਰਨ ਦੀ ਜ਼ੋਰਦਾਰ ਮੁਹਿੰਮ ਆਰੰਭੀ। ਇਨ੍ਹਾਂ ਨਵੇਂ ਸਜੇ ਸਿੰਘਾਂ ਨਾਲ ਵੀ ਕੁਝ ਕੁ ਥਾਵਾਂ 'ਤੇ ਵਿਤਕਰਾ ਕਰਨ ਦੀਆਂ ਪੰਥ ਨੂੰ ਖ਼ਬਰਾਂ ਮਿਲੀਆਂ ਤਾਂ ਸ਼੍ਰੋਮਣੀ ਕਮੇਟੀ ਨੇ ੧੪ ਮਾਰਚ ੧੯੨੭ ਨੂੰ ਸਰਬਸੰਮਤੀ ਨਾਲ ਗੁਰਮਤਾ ਪਾਸ ਕੀਤਾ ਕਿ, 'ਸਿੱਖਾਂ ਵਿਚ ਜਾਤ-ਪਾਤ ਦੇ ਖ਼ਿਆਲ ਨਾਲ ਕਿਸੇ ਵਿਅਕਤੀ ਨੂੰ ਉੱਚਾ ਜਾਂ ਨੀਵਾਂ ਨਹੀਂ ਮੰਨਿਆ ਜਾਂਦਾ। ਇਸ ਲਈ ਹਰ ਇਕ ਜਾਤ ਵਿਚੋਂ ਸਜ ਕੇ ਆਏ ਸਿੱਖ ਨਾਲ ਸੰਗਤ ਪੰਗਤ ਦੁਆਰਾ ਅਭੇਦ ਵਰਤਿਆ ਜਾਵੇ।' ਇਸੇ ਤਰ੍ਹਾਂ ਜਾਤ-ਪਾਤ ਦੇ ਫ਼ਰਕ ਨੂੰ ਮਿਟਾਉਣ ਲਈ ਇਕ ਹੋਰ ਮਤਾ ੧੫ ਮਾਰਚ ੧੯੨੭ ਨੂੰ ਪਾਸ ਕੀਤਾ ਗਿਆ, ਜਿਸ ਵਿਚ ਪੰਜਾਬ ਸਰਕਾਰ ਨੂੰ ਕਿਹਾ ਗਿਆ ਕਿ ਉਹ ਸਿੱਖਾਂ ਲਈ ਸਰਕਾਰੀ ਕਾਗਜ਼ਾਂ ਵਿਚ ਜਾਤ-ਪਾਤ ਨਾ ਲਿਖੇ। ਸ਼੍ਰੋਮਣੀ ਕਮੇਟੀ ਵਲੋਂ ਇਨ੍ਹਾਂ ਕਥਿਤ ਦਲਿਤ ਜਾਂ ਪੱਛੜੀਆਂ ਆਖੀਆਂ ਜਾਣ ਵਾਲੀਆਂ ਜਾਤਾਂ ਤੋਂ ਸਿੰਘ ਸਜੇ ਲੋਕਾਂ ਦੇ ਜੀਵਨ ਨੂੰ ਹਰ ਪੱਖ ਤੋਂ ਉੱਚਾ ਚੁੱਕਣ ਅਤੇ ਗੁਰਦੁਆਰਾ ਸੇਵਾ-ਸੰਭਾਲ 'ਚ ਬਰਾਬਰ ਭਾਈਵਾਲ ਬਣਾਉਣ ਲਈ ਕਮੇਟੀ ਦੇ ਮੈਂਬਰਾਂ ਵਿਚ ਵੀ ਇਨ੍ਹਾਂ ਦਾ ਰਾਖ਼ਵਾਂਕਰਨ ਆਰੰਭ ਕੀਤਾ ਗਿਆ, ਪਰ ਦੁੱਖ ਦੀ ਗੱਲ ਹੈ ਕਿ ਅੱਜ ਸ਼੍ਰੋਮਣੀ ਕਮੇਟੀ ਵਰਗੀ ਸੰਸਥਾ 'ਚ ਵੀ ਜਾਤ-ਪਾਤ ਦਾ ਵਰਤਾਰਾ ਭਾਰੂ ਹੋ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ੨੮ ਅਪ੍ਰੈਲ ੧੯੯੫ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਇਕ ਆਦੇਸ਼ ਕੀਤਾ ਗਿਆ ਸੀ ਕਿ, 'ਕੋਈ ਸਿੰਘ ਜਾਂ ਸਿੰਘਣੀ ਆਪਣੇ ਨਾਮ ਨਾਲ ਜਾਤ, ਗੋਤ ਦੀ ਵਰਤੋਂ ਨਾ ਕਰੇ। ਜਾਤ, ਗੋਤ ਦੀ ਵਰਤੋਂ ਕਰਨੀ ਮਨਮਤ ਹੈ ਅਤੇ ਗੁਰੂ ਸਾਹਿਬ ਦੇ ਸਿਧਾਂਤਾਂ ਦੇ ਉਲਟ ਹੈ।' ਪਰ ਇਸ ਦੇ ਉਲਟ ਅੱਜ ਸ਼੍ਰੋਮਣੀ ਕਮੇਟੀ ਵਰਗੀ ਸਿਰਮੌਰ ਸਿੱਖ ਸੰਸਥਾ ਦੇ ਵੱਡੀ ਗਿਣਤੀ ਅਹੁਦੇਦਾਰ, ਅਧਿਕਾਰੀ ਅਤੇ ਮੁਲਾਜ਼ਮ ਜਾਤ ਅਭਿਮਾਨ ਕਾਰਨ ਆਪਣੇ ਨਾਵਾਂ ਨਾਲ ਆਪਣੀਆਂ ਜਾਤਾਂ ਅਤੇ ਗੋਤਾਂ ਲਿਖਦੇ ਹਨ। ਇਸ ਦਾ ਸਿੱਖ ਸਮਾਜ 'ਤੇ ਕੀ ਅਸਰ ਪੈਂਦਾ ਹੈ ? ਸ਼ਾਇਦ ਇਸ ਪਾਸੇ ਅੱਜ ਤੱਕ ਸਿੱਖ ਧਾਰਮਿਕ ਲੀਡਰਸ਼ਿਪ ਦਾ ਕੋਈ ਧਿਆਨ ਨਹੀਂ ਗਿਆ।

ਇਹ ਵੀ ਇਕ ਸੱਚਾਈ ਹੈ ਕਿ ਆਜ਼ਾਦੀ ਤੋਂ ਲੈ ਕੇ ਸਿੱਖ ਸਿਆਸੀ ਲੀਡਰਸ਼ਿਪ 'ਤੇ ਜਾਤੀਵਾਦ ਦਾ ਸੂਖਮ ਗ਼ਲਬਾ ਹੋਣ ਕਾਰਨ ਹੀ, ਅਨੇਕਾਂ ਰਵਾਇਤੀ ਯਤਨਾਂ ਦੇ ਬਾਵਜੂਦ ਸਿੱਖ ਸਮਾਜ ਦੀ ਬੇੜੀ ਜਾਤ-ਪਾਤ ਦੇ ਮੰਝਧਾਰ ਵਿਚੋਂ ਬਾਹਰ ਨਹੀਂ ਨਿਕਲ ਸਕੀ। ਸੰਨ ੧੯੩੬ 'ਚ ਜਦੋਂ ਦਲਿਤ ਸਮਾਜ ਦੇ ਮਸੀਹਾ ਡਾ. ਭੀਮ ਰਾਓ ਅੰਬੇਦਕਰ ਨੇ ਆਪਣੇ ਪੈਰੋਕਾਰਾਂ ਸਮੇਤ ਸਿੱਖ ਧਰਮ ਗ੍ਰਹਿਣ ਕਰਨ ਦਾ ਫ਼ੈਸਲਾ ਕੀਤਾ ਸੀ ਤਾਂ ਮਨੂੰਵਾਦੀ ਸੋਚ ਵਾਲੀ ਦੇਸ਼ ਦੀ ਸਿਆਸੀ ਲੀਡਰਸ਼ਿਪ ਦੇ ਪ੍ਰਭਾਵ ਕਾਰਨ, ਵੇਲੇ ਦੀ ਸਿੱਖ ਲੀਡਰਸ਼ਿਪ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣ ਤੋਂ ਅਸਮਰੱਥ ਰਹੀ, ਜਿਸ ਕਾਰਨ ਡਾ. ਅੰਬੇਦਕਰ ਅਤੇ ਉਨ੍ਹਾਂ ਦੇ ਕਰੋੜਾਂ ਸਮਰਥਕ ਸਿੱਖ ਧਰਮ ਦਾ ਅੰਗ ਨਾ ਬਣ ਸਕੇ।

ਸਿੱਖ ਸੰਸਥਾਵਾਂ, ਸੰਪਰਦਾਵਾਂ ਅਤੇ ਜਥੇਬੰਦੀਆਂ 'ਤੇ ਉੱਨ੍ਹੀਵੀਂ ਸਦੀ 'ਚ ਕਾਬਜ਼ ਰਹੇ 'ਮਹੰਤਾਂ' ਵਲੋਂ ਚਲਾਈਆਂ ਗਈਆਂ, ਗੁਰਮਤਿ ਵਿਰੋਧੀ ਕੁਰੀਤੀਆਂ ਅੱਜ ਵੀ, ਕਈ ਸਿੱਖ ਜਥੇਬੰਦੀਆਂ ਅਤੇ ਸੰਪਰਦਾਵਾਂ ਵਿਚ 'ਪਰੰਪਰਾ' ਬਣ ਕੇ ਬੇਰੋਕ ਜਾਰੀ ਹਨ ਅਤੇ ਇਨ੍ਹਾਂ ਵਿਚੋਂ ਹੀ ਇਕ ਵੱਡੀ ਕੁਰੀਤੀ ਜਾਤ-ਪਾਤ ਦਾ ਵਰਤਾਰਾ ਹੈ। ਇਸ ਤਹਿਤ ਕਥਿਤ ਦਲਿਤ ਆਖੇ ਜਾਣ ਵਾਲੇ ਲੋਕਾਂ ਨਾਲ ਮਨੂੰਵਾਦੀ ਸਲੂਕ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਅੰਮ੍ਰਿਤ ਛਕਾਉਣ ਵੇਲੇ ਵੱਖਰੇ ਬਾਟੇ ਦੀ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਲਈ ਲੰਗਰ ਦੀ ਵੱਖਰੀ ਪੰਗਤ ਲਗਾਈ ਜਾਂਦੀ ਹੈ। ਉਪਰਲੇ ਪੱਧਰ ਦੀ ਧਾਰਮਿਕ ਅਤੇ ਸਿਆਸੀ ਸਿੱਖ ਲੀਡਰਸ਼ਿਪ ਵਿਚ ਇਸ ਤਰ੍ਹਾਂ ਦੀ ਸਿਧਾਂਤਕ ਗਿਰਾਵਟ ਆਉਣ ਸਦਕਾ ਪਿੰਡਾਂ ਵਿਚ ਸਿੱਖ ਸਮਾਜ ਜਾਤਾਂ ਦੇ ਆਧਾਰ 'ਤੇ ਇੰਨੀ ਬੁਰੀ ਤਰ੍ਹਾਂ ਵੰਡਿਆ ਹੋਇਆ ਹੈ ਕਿ ਜੱਟਾਂ ਅਤੇ ਗ਼ੈਰ-ਜੱਟਾਂ ਵਿਚ ਵੱਧ ਰਿਹਾ ਪਾੜਾ ਸ਼ੀਆ ਅਤੇ ਸੁੰਨੀ ਮੁਸਲਮਾਨਾਂ ਵਾਲੀ ਸਥਿਤੀ ਪੈਦਾ ਕਰਦਾ ਜਾ ਰਿਹਾ ਹੈ। ਇਹ ਸਿੱਖ ਕੌਮ ਦੇ ਭਵਿੱਖ ਲਈ ਬੇਹੱਦ ਖ਼ਤਰਨਾਕ ਵਰਤਾਰਾ ਹੈ।

ਪਿੰਡਾਂ ਵਿਚ ਤੇਜ਼ੀ ਨਾਲ ਜਾਤਾਂ 'ਤੇ ਆਧਾਰਤ ਗੁਰਦੁਆਰੇ ਬਣ ਰਹੇ ਹਨ, ਜਿਨ੍ਹਾਂ ਵਿਚ ਦੂਜੀ ਜਾਤ ਦੇ ਸਿੱਖਾਂ ਦੇ ਦਾਖ਼ਲ ਹੋਣ ਤੱਕ ਪਾਬੰਦੀਆਂ ਲੱਗ ਰਹੀਆਂ ਹਨ। ਜਿਨ੍ਹਾਂ ਲਿਤਾੜੇ ਤੇ ਨਿਆਸਰੇ ਲੋਕਾਂ ਨੂੰ ਗੁਰੂ ਸਾਹਿਬਾਨ ਨੇ ਜਥੇਬੰਦ ਕਰਕੇ ਖ਼ਾਲਸਾ ਪੰਥ ਤਿਆਰ ਕੀਤਾ ਸੀ, ਅੱਜ ਉਹ ਲੋਕ ਸਾਡੀ ਧਾਰਮਿਕ ਲੀਡਰਸ਼ਿਪ ਦੀ ਸਿਧਾਂਤਕ ਕਮਜ਼ੋਰੀ ਅਤੇ ਅਣਗਹਿਲੀ ਕਾਰਨ ਸਿੱਖੀ ਨਾਲੋਂ ਟੁੱਟ ਰਹੇ ਹਨ। ਸਿੱਖ ਵਿਰੋਧੀ ਡੇਰਾਵਾਦ ਵੀ ਇਸੇ ਕਾਰਨ ਪ੍ਰਫੁੱਲਤ ਹੋਇਆ ਹੈ। ਗੁਰੂ ਸਾਹਿਬਾਨ ਨੇ ਜਿਸ ਜਾਤ-ਪਾਤ ਨੂੰ ਖ਼ਤਮ ਕਰਨ ਲਈ ਸੰਗਤ ਅਤੇ ਪੰਗਤ, ਸਾਂਝੇ ਸਰੋਵਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਬਣਾ ਕੇ ਚਾਰੇ ਵਰਣਾਂ, ਚਾਰੇ ਦਿਸ਼ਾਵਾਂ ਤੋਂ ਆਉਣ ਵਾਲੇ ਲੋਕਾਂ ਨੂੰ ਗਲੇ ਨਾਲ ਲਗਾਇਆ ਸੀ, ਅੱਜ ਉਹ ਜਾਤ-ਪਾਤ ਸਿੱਖ ਸਮਾਜ ਨੂੰ ਬੁਰੀ ਤਰ੍ਹਾਂ ਜਕੜ ਚੁੱਕੀ ਹੈ।

ਸਿੱਖ ਧਰਮ ਦਾ ਭਵਿੱਖ ਇਸ ਗੱਲ ਦੀ ਮੰਗ ਕਰਦਾ ਹੈ ਕਿ ਅੱਜ ਸਿੱਖ ਸਮਾਜ ਨੂੰ ਜਾਤ-ਪਾਤ ਤੋਂ ਪੂਰੀ ਤਰ੍ਹਾਂ ਮੁਕਤ ਕਰਨ ਲਈ 'ਸਿੰਘ ਸਭਾ' ਲਹਿਰ ਵਰਗੀ ਵੱਡੇ ਉਦੇਸ਼ਾਂ 'ਤੇ ਆਧਾਰਤ ਧਰਮ ਪ੍ਰਚਾਰ ਲਹਿਰ ਆਰੰਭ ਕੀਤੀ ਜਾਵੇ, ਤਾਂ ਜੋ ਗੁਰੂ ਸਾਹਿਬਾਨ ਦੇ 'ਸਰਬ ਸਾਂਝੀਵਾਲਤਾ' ਵਾਲੇ ਮਹਾਨ ਫ਼ਲਸਫ਼ੇ ਨੂੰ ਵਿਸ਼ਵ ਸਮਾਜ ਅਤੇ ਮਨੁੱਖੀ ਭਾਈਚਾਰੇ ਦੇ ਪ੍ਰਸੰਗ ਵਿਚ ਰੱਖ ਕੇ ਸਹੀ ਰੂਪ ਵਿਚ ਸਮਝਣ ਦੀਆਂ ਅੰਤਰ-ਦ੍ਰਿਸ਼ਟੀਆਂ ਖੋਲ੍ਹੀਆਂ ਜਾ ਸਕਣ। ਸਿੱਖੀ ਤੋਂ ਟੁੱਟ ਰਹੇ ਭਾਈਚਾਰਿਆਂ ਨੂੰ ਗੁਰਮਤਿ ਸੱਭਿਆਚਾਰ ਨਾਲ ਜੋੜ ਕੇ "ਚਾਰਿ ਵਰਨ ਇਕ ਵਰਨੁ ਕਰਾਇਆ॥" ਅਨੁਸਾਰ ਗੁਰੂ ਨਾਨਕ ਸਾਹਿਬ ਦੇ ਚਿਤਵੇ ਬਰਾਬਰਤਾ ਵਾਲੇ ਸਮਾਜ ਦੀ ਸਿਰਜਣਾ ਕੀਤੀ ਜਾਵੇ। ਰੰਘਰੇਟੇ ਸਿੱਖ, ਰਵਿਦਾਸੀਏ ਸਿੱਖ, ਕਬੀਰ ਪੰਥੀ ਸਿੱਖ, ਸ਼ਿਕਲੀਗਰ ਅਤੇ ਵਣਜਾਰੇ ਆਦਿ ਸਿੱਖਾਂ ਨੂੰ ਸਿੱਖ ਪੰਥ ਦਾ ਅਟੁੱਟ ਅੰਗ ਸਮਝ ਕੇ ਬਰਾਬਰ ਸਥਾਨ ਅਤੇ ਸਤਿਕਾਰ ਦਿੱਤਾ ਜਾਵੇ। ਸਿੱਖਾਂ ਅੰਦਰ ਜਾਤ-ਪਾਤ ਤੋਂ ਉਪਰ ਉੱਠ ਕੇ ਵਿਆਹ-ਸ਼ਾਦੀਆਂ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ। ਪੰਥ ਦੀ ਪ੍ਰਮਾਣਿਤ 'ਸਿੱਖ ਰਹਿਤ ਮਰਯਾਦਾ' ਦੇ 'ਅਨੰਦ ਸੰਸਕਾਰ' ਅਧਿਆਇ ਅਨੁਸਾਰ, 'ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਦਾ ਹੈ।'

ਸਿਰਫ਼ ਗੁਰਸਿੱਖੀ ਦੀ ਯੋਗਤਾ ਨੂੰ ਮੁੱਖ ਰੱਖ ਕੇ, ਜਾਤ-ਪਾਤ ਵਿਚਾਰੇ ਬਗ਼ੈਰ ਵਿਆਹਾਂ ਦੀ ਸ਼ੁਰੂਆਤ ਹੀ ਸਹੀ ਰੂਪ 'ਚ ਅੱਜ ਸਿੱਖ ਸਮਾਜ ਅੰਦਰੋਂ ਜਾਤ-ਪਾਤ ਦੇ ਫ਼ਰਕ ਨੂੰ ਮਿਟਾਉਣ ਲਈ ਫ਼ੈਸਲਾਕੁੰਨ ਸਾਬਤ ਹੋ ਸਕਦੀ ਹੈ। ਜਾਤ-ਪਾਤ ਦਾ ਫ਼ਰਕ ਕੀਤੇ ਬਗ਼ੈਰ 'ਰਹਿਤਵਾਨ ਸਿੱਖਾਂ' ਨੂੰ, ਧਾਰਮਿਕ ਅਤੇ ਸਿਆਸੀ ਖੇਤਰ 'ਚ ਬਰਾਬਰ ਜ਼ਿੰਮੇਵਾਰੀਆਂ ਨਿਭਾਉਣ ਦੇ ਮੌਕੇ ਦਿੱਤੇ ਜਾਣ। ▪▪

# ਅੰਤਰਯਾਮੀ ਸਤਿਗੁਰੂ ਦਸਮੇਸ਼ ਜੀ ਦਾ ਵੈਸਾਖੀ ਤੇ ਅੰਮ੍ਰਿਤ ਸਮਾਗਮ ਰਚਣ ਦਾ ਚੋਜ

**ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ**

ਇਸੇ ਚੋਜ ਦੇ ਰਚਣ ਖ਼ਾਤਰ ਹੀ ਸਤਿਗੁਰੂ ਦਸਮੇਸ਼ ਜੀ ਨੇ, ਨੈਣਾਂ ਦੇਵੀ ਦਾ ਦੰਭ-ਨਿਵਾਰਨੀ-ਪਖੰਡ ਹਿੰਦਵੈਣੀ ਅਚਾਰਜਾਂ ਦਾ ਨਵਿਰਤ ਕਰਨ ਖ਼ਾਤਰ ਹੀ, ਇਹ ਸਾਰਾ ਅਡੰਬਰ ਨੈਣਾਂ ਦੇਵੀ ਦੇ ਪ੍ਰਸਿੱਧ ਟਿੱਲੇ ਉਤੇ ਰਚਣ ਕੀਤਾ, ਦੇਵੀ ਪ੍ਰਸਿੱਧ ਕਰਨ ਖ਼ਾਤਰ ਨਹੀਂ ਕੀਤਾ। ਪ੍ਰਿਥਮ ਤਾਂ ਹਿੰਦੂ ਪਖੰਡੀ ਮੱਤ ਦੇ ਅਚਾਰਜਾਂ ਦਾ ਇਹ ਹਮਾਕਤ ਭਰਿਆ ਪਖੰਡ ਦੂਰ ਕੀਤਾ ਅਤੇ ਉਨ੍ਹਾਂ ਪਖੰਡੀਆਂ ਦਾ ਜੋ ਇਹ ਦਾਅਵਾ ਸੀ ਕਿ ਅਸੀਂ ਆਪਣੀ ਜਾਨ ਦੀ ਅਹੂਤੀ ਦੇ ਕੇ ਦੇਵੀ ਪ੍ਰਸਿੱਧ ਕਰਾਂਗੇ, ਬਹੁਤ ਸਾਰੀ ਸਾਮਿਗ੍ਰੀ ਉਨ੍ਹਾਂ ਨੇ ਇਕੱਤਰ ਕਰਵਾਈ। ਓੜਕ ਜਦ ਉਨ੍ਹਾਂ ਤੋਂ ਕੁਛ ਨਾ ਸਰਿਆ ਤਾਂ ਪਿੱਠ ਦੇ ਕੇ ਭੱਜ ਨਸੇ। ਉਨ੍ਹਾਂ ਦੇ ਭਜ ਨੱਸਣ ਪਸਚਾਤ ਰਹਿੰਦ-ਖੂੰਹਦ ਸਾਰੀ ਸਾਮਿਗ੍ਰੀ, ਜੋ ਭੱਜ ਨਿਕਲਣ ਵਾਲੇ ਪਖੰਡੀ ਬ੍ਰਾਹਮਣਾਂ ਨੇ ਇਕੱਤਰ ਕਰਵਾਈ ਸੀ, ਸਾਰੀ ਦੀ ਸਾਰੀ ਇਕ-ਦਮ ਹੀ ਪ੍ਰਚੰਡਕਾ ਦੇ ਭੇਟ ਕਰ ਦਿੱਤੀ, ਜਿਸ ਕਰਕੇ ਬੜਾ ਹੀ ਚਾਨਣਾ ਪ੍ਰਚੰਡ ਹੋ ਗਿਆ, ਜਿਸ ਨੂੰ ਆਮ ਕੁਬੁਧੀ ਵਾਲੇ ਲੋਕ ਦੇਵੀ ਪ੍ਰਗਟ ਹੋਈ ਸਮਝਣ ਲੱਗ ਪਏ। ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਨੇ ਉਸ ਟਿੱਬੇ ਉਤੋਂ ਉਤਰ ਕੇ ਅਤੇ ਵੰਗਾਰ ਕੇ ਆਮ ਲੋਕਾਂ ਨੂੰ ਦੱਸਿਆ ਕਿ ਖ਼ਾਲਸਾ ਜੀ ਦੀ (ਗੁਰੂ ਘਰ ਦੀ) ਇਹੋ ਦੇਵੀ ਸ੍ਰੀ ਸਾਹਿਬ, ਅਥਵਾ ਭਗਉਤੀ ਹੈ, ਹੋਰ ਕੋਈ ਦੇਵੀ ਨਹੀਂ। ਓਦੂੰ ਪਿਛੋਂ ਸ੍ਰੀ ਦਸਮੇਸ਼ ਜੀ ਨੇ ਦੂਜਾ ਚੋਜ ਇਹ ਰਚਿਆ ਕਿ ਤੰਬੂ ਤਾਣ ਕੇ ਉਸ ਦੇ ਅੰਦਰੋਂ ਅੰਦਰ ਪੰਜਾਂ ਪਿਆਰਿਆਂ ਦਾ ਸੀਸ ਲੈ ਕੇ ਅਤੇ ਉਸ ਤੰਬੂ ਦੇ ਅੰਦਰ ਪੰਜਾਂ ਸਿੰਘਾਂ ਤੋਂ ਖ਼ੁਦ ਅੰਮ੍ਰਿਤ ਛਕ ਕੇ ਸਾਵਧਾਨ ਹੋ ਨਿਕਲੇ। ਇਹ ਇਤਿਹਾਸਕਾਰਾਂ ਦੀ ਬਿਲਕੁਲ ਗ਼ਲਤ ਸਟੋਰੀ (ਕਹਾਣੀ) ਪਾਈ ਹੋਈ ਹੈ ਕਿ ਤੰਬੂ ਦੇ ਅੰਦਰ ਪੰਜ ਬੱਕਰੇ ਬੱਧੇ ਗਏ :-

**ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ॥੧੪॥**

**(ਬਚਿਤ੍ਰ ਨਾਟਕ, ਅਧਿਆਏ ੫)**

ਦੇ ਮਹਾਂਵਾਕ ਅਨੁਸਾਰ ਗੁਰਮਤਿ ਅਨੁਸਾਰ ਇਹ ਮਹਾਂ ਕੁਕਾਜ ਗਰਦਾਨਿਆ ਜਾ ਸਕਦਾ ਹੈ ਕਿ ਸਤਿਗੁਰੂ ਸ੍ਰੀ ਦਸਮੇਸ਼ ਜੀ ਕਰਨ ਕੁਛ ਤੇ ਦਿਖਾਉਣ ਕੁਛ। ਆਮ ਲੋਕੀਂ ਇਸ ਕੌਤਕ ਨੂੰ ਦੇਖ ਕੇ ਦੰਗ ਰਹਿ ਗਏ। ਵਰਨ ਆਸ਼ਰਮ ਸਾਰੇ ਮਿਟਾ ਕੇ, ਸਤਿਗੁਰੂ ਜੀ ਨੇ ਸਾਰੇ ਵਰਨਾਂ ਦੇ ਸਾਂਝੇ ਪੰਜ ਪਿਆਰੇ ਸੀਸ ਭੇਟਾ ਲੈ ਕੇ ਰਚੇ ਤੇ ਉਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਉਸੇ ਤੰਬੂ ਅੰਦਰ ਹੀ ਅੰਮ੍ਰਿਤ ਪਾਨ ਕੀਤਾ ਅਤੇ "ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ" ਦੀ ਰੀਤ ਚਲਾਈ। ਇਹ ਇਤਫ਼ਾਕ ਦੀ ਗੱਲ ਸੀ ਕਿ ਉਸ ਸਮੇਂ ਪੰਜ ਪਿਆਰੇ ਜੋ ਨਿੱਤਰੇ, ਉਹ ਗਿਣਵੇਂ ਪੰਜ ਵਰਨਾਂ ਵਿਚੋਂ ਹੀ ਸਨ। ਇਸ ਦਾ ਇਹ ਭਾਵ ਨਹੀਂ ਕਿ ਇਸਤ੍ਰੀ ਜਾਤੀ ਆਦਿਕ ਹੋਰ ਸਾਰੇ ਵਰਨ ਵਾਂਝੇ ਰੱਖੇ ਗਏ, ਜੈਸਾ ਕਿ ਝੀਵਰ, ਨਾਈ ਆਦਿਕ ਵਰਨਾਂ ਵਿਚੋਂ ਲਏ ਗਏ। ਪੰਜਾਂ ਪਿਆਰਿਆਂ ਦੀ ਮਿਸਾਲ ਲੈ ਕੇ ਅੱਜ-ਕੱਲ੍ਹ ਦੇ ਥੋੜ-ਦਿਲੇ ਵਰਨ-ਆਸ਼ਰਮੀ ਹਮਾਕਤ-ਬਾਜ਼ ਇਹ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਗੇਣਵੇਂ ਵਰਨ-ਆਸ਼ਰਮ ਹੀ ਪੰਜ ਪ੍ਰਕਾਰੀ ਬੰਦਿਆਂ ਤੋਂ ਬਾਹਰ ਹੋਰ ਕੋਈ ਵਰਨ-ਆਸ਼ਰਮੀ ਬੰਦਾ ਪੰਜਾਂ ਪਿਆਰਿਆਂ ਵਿਚ ਲਿਆ ਹੀ ਨਹੀਂ ਜਾ ਸਕਦਾ।

ਇਸਤ੍ਰੀ ਜਾਤੀ ਨੂੰ ਆਮ ਹਿੰਦਵੈਣੀ ਅਕੀਦੇ ਅਨੁਸਾਰ ਸ਼ੂਦਰ ਜਾਤੀ ਵਿਚ ਸ਼ੁਮਾਰ ਕੀਤਾ ਜਾਂਦਾ ਸੀ, ਜੋ ਅੱਜ-ਕੱਲ੍ਹ ਓਸੇ ਘਟੀਅਲ ਅਕੀਦੇ ਵਾਲੇ ਨਾਈ ਝੀਵਰ ਆਦਿਕ ਪੰਜਾਂ ਪਿਆਰਿਆਂ ਦੀ ਮਿਸਾਲ ਵਾਲੇ ਕੁਸਮਝ ਲੋਗ ਕੁਸਮਝੀ ਬੈਠੇ ਹਨ। ਅਨੇਕਾਂ ਹੀ ਇਸਤ੍ਰੀ ਪੁਰਸ਼ ਆਨ ਵਰਨ-ਆਸ਼ਰਮਾਂ ਵਿਚੋਂ ਸ੍ਰੀ ਦਸਮੇਸ਼ ਜੀ ਨੇ ਸਿੰਘ ਸਜਾਏ। ਏਥੋਂ ਤੱਕ ਕਿ ਮੁਹੰਮਦੀਆਂ ਚੌਥੇ ਪੌੜੇ ਵਾਲੇ (ਅਖਾਉਤੀ ਰੰਘਰੇਟੇ) ਨੂੰ ਵੀ ਖੰਡੇ ਦੇ ਅੰਮ੍ਰਿਤ ਦਾ ਬਾਟਾ ਪ੍ਰਦਾਨ ਕਰਕੇ ਉਚ ਦੁਮਾਲੜੇ ਵਾਲਾ ਸਿੰਘ ਸਜਾਇਆ।

ਸ੍ਰੀ ਦਸਮੇਸ਼ ਜੀ ਦਾ ਇਹ ਚੋਜ ਨਿਰਾਲਾ ਹੈ। ਕੇਵਲ ਵਿਸਾਖੀ ਵਾਲੇ ਦਿਨ ਹੀ ਇਹ ਚੋਜ ਰਚਿਆ ਗਿਆ ਅਤੇ ਅੰਮ੍ਰਿਤ ਦਾ ਖੁੱਲ੍ਹਾ ਬਾਟਾ ਓਸੇ ਤੰਬੂ ਅੰਦਰ ਹੀ ਤਿਆਰ ਕੀਤਾ ਗਿਆ। ਇਹ ਕੈਸੀ ਹਾਸੋ-ਹੀਣੀ ਗੱਲ ਹੈ ਕਿ ਐਡਾ ਵੱਡਾ ਤੰਬੂ ਪੰਜਾਂ ਬੱਕਰਿਆਂ ਦੀ ਖ਼ਾਤਰ ਹੀ ਤਿਆਰ ਕੀਤਾ ਸੀ ? ਉਸੇ ਤੰਬੂ ਦੇ ਅਸਥਾਨ 'ਤੇ ਹੀ ਸੀਸ ਭੇਟ ਗੁਰਦੁਆਰਾ ਤਿਆਰ ਹੋਇਆ ਅਤੇ ਉਸੇ ਅਸਥਾਨ 'ਤੇ ਹੀ ਸ੍ਰੀ ਕੇਸਗੜ੍ਹ ਗੁਰਦਵਾਰਾ ਸਸ਼ੋਭਤ ਹੈ ਅਤੇ ਅੱਜ ਤਾਈਂ ਪ੍ਰਸਿੱਧ ਹੈ। ਖ਼ਾਲਸਾ ਜੀ ਨੂੰ ਮ੍ਰਿਤੂ ਦੇ ਘਾਟ ਤੋਂ ਪਾਰ ਉਤਾਰਨ ਵਾਲੀ ਸ੍ਰੀ ਸਾਹਿਬ (ਭਗਉਤੀ) ਹੀ ਅੰਮ੍ਰਿਤ ਸਰੂਪਾ ਜੀਅ-ਦਾਨ ਬਖ਼ਸ਼ਣ ਲਈ ਸਮਰੱਥ ਹੈ। ਹੋਰ ਕੋਈ ਦੇਵੀ ਖ਼ਾਲਸਾ ਪੰਥ ਅੰਦਰ ਗੁਰਮਤਿ ਅਨੁਸਾਰ ਪ੍ਰਮਾਣੀਕ ਹੀ ਨਹੀਂ। ਏਸੇ ਸ੍ਰੀ ਸਾਹਿਬ (ਭਗਉਤੀ) ਨੂੰ ਲੈ ਕੇ ਹੀ ਸ੍ਰੀ ਦਸਮੇਸ਼ ਜੀ ਨੇ ਇਉਂ ਵੰਗਾਰਿਆ :-

**ਦੁਹੂੰ ਪੰਥ ਮੈ ਕਪਟ ਵਿਦ੍ਯਾ ਚਲਾਨੀ॥**
**ਬਹੁਰ ਤੀਸਰੋ ਪੰਥ ਕੀਨੋ ਪ੍ਰਧਾਨੀ॥**

**(ਦਸਮ ਗ੍ਰੰਥ, ਉਗ੍ਰਦੰਤੀ, ਛੱਕਾ ੫)**

'ਦੁਹੂੰ ਪੰਥ' ਦਾ ਭਾਵ ਇਥੇ ਹਿੰਦੂ ਮਤ ਅਤੇ ਤੁਰਕ ਮਤ (ਬੇਦ ਕਤੇਬੀ ਮਤ) ਦਾ ਹੈ, 'ਤੀਸਰੋ ਪੰਥ' ਖ਼ਾਲਸੇ ਦਾ ਮਤਲਬ ਹੈ। ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :-

**ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥...੪॥੩॥੭॥**

**(ਬਿਲਾਵਲ ਗੋਂਡ, ਨਾਮਦੇਉ ਜੀਉ, ਅੰਗ : ੮੭੫)**

ਇਥੇ ਗਿਆਨੀ ਦਾ ਭਾਵ ਖ਼ਾਲਸਾ ਹੈ। ਸ੍ਰੀ ਦਸਮੇਸ਼ ਜੀ ਨੇ ਇਹ ਖ਼ਾਲਸਾ ਪੰਥ ਕੇਵਲ ਹਿੰਦੂਆਂ ਨੂੰ ਹੀ ਤਾਰਨ ਲਈ ਨਹੀਂ ਰਚਿਆ, ਬਲਕਿ ਤੁਰਕਾਂ ਮੁਹੰਮਦੀਆਂ ਦਾ ਇਕ-ਸਾਰ ਹੀ ਹੱਕ ਰਖਿਆ ਗਿਆ ਹੈ। ਤਾਂਤੇ ਇਹ ਗੱਲ ਕਹਿਣੀ ਸ੍ਰੀ ਦਸਮੇਸ਼ ਜੀ ਦੇ ਪੰਥ ਨੂੰ ਛੁਟਿਆਉਣ ਵਾਲੀ ਗੱਲ ਹੈ ਕਿ ਖ਼ਾਲਸਾ ਪੰਥ ਕੇਵਲ ਹਿੰਦੂਆਂ ਨੂੰ ਤਾਰਨ ਖ਼ਾਤਰ ਹੀ ਰਚਿਆ ਗਿਆ ਹੈ। ਹਿੰਦੂਆਂ ਤੁਰਕਾਂ ਅਤੇ ਮਲੇਛਾਂ ਲਈ ਇਹ ਸਾਂਝਾ ਉਪਦੇਸ਼ ਹੀ ਗੁਰੂ ਦਸਮੇਸ਼ ਜੀ ਨੇ ਪਹਿਲੇ ਸਮੱਗਰ ਗੁਰੂ ਸਾਹਿਬਾਨ ਦੀ ਤਾਈਦੀ ਪੇਸ਼ਕਸ਼ ਅਨੁਸਾਰ ਹੀ ਰਚਿਆ ਅਤੇ ਖ਼ੂਬ ਨਿਆਰਾ ਰੱਖਣ ਦੀ ਸਾਜਨਾ ਵਿਚ ਸਾਜਿਆ। ਪਹਿਲੀਆਂ ਸਮੱਗਰ ਗੁਰੂ ਪਾਤਸ਼ਾਹੀਆਂ ਨੂੰ ਵੀ ਇਹੋ ਹੀ ਮਨਜ਼ੂਰ ਸੀ। ਸ੍ਰੀ ਦਸਮੇਸ਼ ਜੀ ਨੇ ਕੋਈ ਨਵੀਨ ਘਾੜਤ ਨਹੀਂ ਘੜੀ। ਹਾਂ! ਇਸ ਵਿਸਾਖੇ ਦਾ ਪਵਿੱਤਰ ਦਿਹਾੜਾ, ਸਰਬੱਤ੍ਰ ਮੱਤ-ਮਤਾਂਤਰੀ ਭੇਖਾਂ ਅੰਦਰ ਅੰਮ੍ਰਿਤ ਦਾ ਸਾਂਝਾ ਖੰਡਾ ਖੜਕਾਉਣ ਵਾਸਤੇ, ਖ਼ਾਸ ਮਖ਼ਸੂਸ ਤੌਰ 'ਤੇ ਇਸ ਵਿਸਾਖੇ ਦੇ ਗੁਰਪੁਰਬ ਨੂੰ ਹੀ ਨਿਆਰਾ ਕਰਕੇ ਪ੍ਰਗਟ-ਪਹਾਰਾ ਦਿੱਤਾ ਤਾਂ ਸ੍ਰੀ ਦਸਮੇਸ਼ ਜੀ ਨੇ ਹੀ ਦਿੱਤਾ।

ਤਾਂਤੇ ਇਸ ਵਿਸਾਖੇ ਦੇ ਦਿਹਾੜੇ ਦੀ ਬਜ਼ੁਰਗੀ ਅਤੇ ਮਹੱਤਤਾ ਇਸੇ ਗੱਲ ਕਰਕੇ ਹੈ ਕਿ ਇਸ ਦਿਨ ਖੰਡੇ ਦੇ ਅੰਮ੍ਰਿਤ ਦਾ ਖੁੱਲ੍ਹਾ ਬਾਟਾ ਤਿਆਰ ਕੀਤਾ ਜਾਵੇ। ਪਰ ਇਹ ਗੱਲ ਬਿਲਕੁਲ ਗੁਰਮਤਿ ਤੋਂ ਹੀਣੀ ਹੈ ਕਿ ਆਮ ਅਨਮਤਿ ਸ਼੍ਰੇਣੀ ਦੀ ਮਜਲਸ ਵਿਖੇ ਹੀ ਇਹ ਬਾਟਾ ਤਿਆਰ ਕੀਤਾ ਜਾਵੇ। ਤਾਂਤੇ ਇਹ ਅੰਮ੍ਰਿਤ ਦਾ ਬਾਟਾ ਪਰੰਪਰਾ ਤੋਂ ਹੀ, ਅਰਥਾਤ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਹੀ ਗੁਰਮਤਿ ਲੁਪਤ ਮੰਡਲਾਂ ਵਿਚ ਹੀ ਤਿਆਰ ਕੀਤਾ ਜਾਂਦਾ ਹੈ। ਅਨਮਤਿ ਦ੍ਰਿਸ਼ਟੀ ਦੀ ਲੇਪ ਛੇਪ ਤੋਂ ਨਿਆਰਾ ਅਤੇ ਅਛੋਪ ਰੱਖਣ ਲਈ ਹੀ ਅੰਮ੍ਰਿਤ ਮਰਯਾਦਾ ਗੋਝ ਰਤਨਾਗਰੀ ਰੱਖੀ ਗਈ ਹੈ। "ਬਧੇ ਪੰਥ ਪਰ ਧਰਮ ਨ ਹੋਇ" ਵਾਲੀ ਗੱਲ ਹੀ ਨਹੀਂ ਕੀਤੀ ਗਈ; ਨਾ ਹੀ ਇਹ ਹਰੀ ਅੰਗੂਰੀ ਕੇਵਲ ਹਿੰਦਵੈਣ ਨਮਿਤ ਹੀ ਸ੍ਰੀ ਦਸਮੇਸ਼ ਜੀ ਨੇ ਤਿਆਰ ਕੀਤੀ ਹੈ। ਇਹ ਖ਼ਿਆਲ ਕੇਵਲ ਢਿੱਲੜ ਹਿੰਦਵੈਣ ਮਤੀ ਕੁਬੁਧਿ ਮਤੀਸਰਾਂ ਦਾ ਹੀ ਹੈ। ਖ਼ਾਲਸਾ ਪੰਥ ਵਿਚ ਇੱਤਰ ਜ਼ਾਤ-ਪਾਤ ਸਮੱਗਰ ਪੁਰਸ਼ ਹੀ ਸ਼ਾਮਲ ਹੋ ਸਕਦੇ ਹਨ।

ਸ੍ਰੀ ਦਸਮੇਸ਼ ਜੀ ਦੀ ਹਰ ਪ੍ਰਕਾਰ ਦੀ ਪ੍ਰਚਲਤ ਕੀਤੀ ਗੁਰ ਮਰਯਾਦਾ ਹੀ ਲੇਖੇ ਪੈਂਦੀ ਹੈ। ਇਹ ਗੱਲ ਬਿਲਕੁਲ ਬੇਬੁਨਿਆਦ ਹੈ ਕਿ ਸ੍ਰੀ ਦਸਮੇਸ਼ ਜੀ ਦੇ ਸਮੇਂ ਦਾ ਅੰਮ੍ਰਿਤ ਤਿਆਰ ਕਰਵਾਉਣ ਵਾਲਾ ਖੰਡਾ ਹੀ ਸਾਰੀਆਂ ਸਿੱਧਾਂ ਨੂੰ ਪੂਰਿਆਂ ਸਿੱਧ ਕਰ ਸਕਦਾ ਹੈ। ਇਹ ਸ੍ਰੀ ਦਸਮੇਸ਼ ਜੀ ਦੇ ਪਵਿੱਤਰ ਹੱਥਾਂ ਦਾ ਖੰਡਾ ਅਪਵਿੱਤਰ ਹੱਥਾਂ ਵਿਚ ਆ ਕੇ ਹੋਰ ਵੀ ਹੀਣਤਾ ਵਾਲੀ ਗੱਲ ਹੋ ਜਾਂਦੀ ਹੈ, ਜੈਸਾ ਕਿ ਅਨੇਕਾਂ ਅਸਥਾਨਾਂ 'ਤੇ ਹੋਈ ਹੈ। ਬੇਸ਼ੱਕ ਭਾਵੇਂ ਲੱਖਾਂ ਨਰਾਂ ਪ੍ਰਾਣੀਆਂ ਨੂੰ ਕੇਵਲ ਇਸ ਖੰਡੇ ਦੁਆਰਾ ਅੰਮ੍ਰਿਤ ਛਕਾਇਆ ਜਾਵੇ, ਪਰੰਤੂ ਜਦ ਤੱਕ ਸ੍ਰੀ ਦਸਮੇਸ਼ ਜੀ ਦੀ ਦਰਸਾਈ ਅਤੇ ਦ੍ਰਿੜ੍ਹਾਈ ਰਹਿਤ-ਬਹਿਤ ਧਾਰਨ ਨਾ ਕਰਵਾਈ ਜਾਵੇ, ਉਸ ਵੱਕਤ ਤੱਕ ਲੱਖਾਂ ਦੀਆਂ ਲੱਖਾਂ ਭੇਡਾਂ ਹੀ ਰਹਿ ਜਾਂਦੀਆਂ ਹਨ, ਜੈਸੇ ਕਿ ਲੰਗੋਟੀਆਂ ਵਾਲੇ ਮਾਹਣੂੰ ਹੀ ਰਹਿ ਗਏ ਹੋਏ ਹਨ। ਤਾਂਤੇ ਸ੍ਰੀ ਦਸਮੇਸ਼ ਜੀ ਦਾ ਕੇਵਲ ਵਿਸਾਖੇ ਦੇ ਸਮਾਗਮ ਸਮੇਂ ਖੰਡੇ-ਧਾਰ ਅੰਮ੍ਰਿਤ ਦਾ ਬਾਟਾ ਤਿਆਰ ਕਰਨਾ ਇਸ ਗੱਲ ਦੀ ਪ੍ਰਸਿੱਧ ਦਲੀਲ ਸਾਬਤ ਹੋ ਗਈ ਕਿ ਖ਼ਾਲਸਾ ਸੋ ਹੈ ਜੋ ਸਰਬੱਤ੍ਰ ਗੁਰਮਤਿ ਗੁਣਾਂ ਸਹਿਤ ਪ੍ਰਬੀਨ ਹੋਵੇ।▪▪



ਗੁਰਦੁਆਰਾ ਭੋਰਾ ਸਾਹਿਬ, ਬਾਬਾ ਬਕਾਲਾ, ਜਿਥੇ ਨੌਂਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ੨੬ ਸਾਲ ੯ ਮਹੀਨੇ ੧੩ ਦਿਨ ਤਪੱਸਿਆ ਕੀਤੀ ਸੀ ਅਤੇ ਇਥੇ ਹੀ ਮੱਖਣ ਸ਼ਾਹ ਲੁਬਾਣੇ ਦੀ ਅੰਤਰ ਆਤਮੇ ਕੀਤੀ ਅਰਦਾਸ ਪੂਰੀ ਕਰਕੇ ਨੌਂਵੀਂ ਪਾਤਿਸ਼ਾਹੀ ਪ੍ਰਗਟ ਹੋਏ ਸਨ।

ਅਖੰਡ ਕੀਰਤਨੀ ਜਥੇ ਵਲੋਂ

## ਗੁਰਦੁਆਰਾ ਭੋਰਾ ਸਾਹਿਬ ਬਾਬਾ ਬਕਾਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਅਖੰਡ ਕੀਰਤਨੀ ਜਥੇ ਵਲੋਂ ਹਰ ਸਾਲ ਨੌਂਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਾਵਨ ਧਰਤੀ ਬਾਬਾ ਬਕਾਲਾ ਵਿਖੇ 'ਸਾਚਾ ਗੁਰੂ ਲਾਧੋ ਰੇ' ਦਿਵਸ ਅਖੰਡ ਕੀਰਤਨ ਦੀਆਂ ਛਹਿਬਰਾਂ ਦੁਆਰਾ ਮਨਾਇਆ ਜਾਂਦਾ ਹੈ। ਇਸ ਸਾਲ ਮਿਤੀ 7 ਅਪ੍ਰੈਲ 2018, ਦਿਨ ਸ਼ਨਿੱਚਰਵਾਰ ਨੂੰ ਦਿਵਸ ਸੁਹੇਲਾ, ਉਪਰੰਤ ਸ਼ਾਮ ਨੂੰ ਰੈਣਿ ਸਬਾਈ ਕੀਰਤਨ ਨੀਯਤ ਕੀਤੇ ਗਏ ਹਨ, ਜਿਨਾਂ ਦੀ ਸਮਾਪਤੀ ਮਿਤੀ 8 ਅਪ੍ਰੈਲ 2018, ਦਿਨ ਐਤਵਾਰ ਨੂੰ ਸਵੇਰੇ 05:00 ਵਜੇ ਹੋਵੇਗੀ। ਆਪ ਸਭ ਨੇ ਆਇ ਦੀਦਾਰੇ ਬਖ਼ਸ਼ਣੇ ਜੀ।

ਦਾਸਰੇ : ਅਖੰਡ ਕੀਰਤਨੀ ਜਥਾ, ਬਾਬਾ ਬਕਾਲਾ।
ਸਹਿਯੋਗੀ : ਮੈਨੇਜਰ ਗੁਰਦੁਆਰਾ ਭੋਰਾ ਸਾਹਿਬ ਅਤੇ ਇਲਾਕਾ ਨਿਵਾਸੀ ਸੰਗਤ ਬਾਬਾ ਬਕਾਲਾ।
ਫ਼ੋਨ : 96531-48808, 97798-60435, 98880-20806, 98763-67265.

## ਤਿਮਾਹੀ ਦਿਵਸ ਸੁਹੇਲਾ

## ਅਖੰਡ ਕੀਰਤਨ ਸਮਾਗਮ

### ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ
### ਸ੍ਰੀ ਚਮਕੌਰ ਸਾਹਿਬ ਵਿਖੇ

ਮਿਤੀ 18 ਮਾਰਚ 2018
ਦਿਨ ਐਤਵਾਰ

ਸਮਾਂ ਸਵੇਰੇ 5.15 ਵਜੇ ਤੋਂ
ਦੁਪਹਿਰ 2.00 ਵਜੇ ਤੱਕ

ਆਪ ਸਭ ਗੁਰੂ ਪਿਆਰੀਆਂ ਸੰਗਤਾਂ ਦੇ ਚਰਨਾਂ ਵਿੱਚ ਨਿਮਰਤਾ ਸਹਿਤ ਬੇਨਤੀ ਹੈ ਕਿ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ, ਲਾਸਾਨੀ ਸ਼ਹੀਦ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ (ਪੰਜਾਂ ਪਿਆਰਿਆਂ ਵਿੱਚੋਂ ਤਿੰਨ ਪਿਆਰੇ) ਭਾਈ ਮੋਹਕਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਅਤੇ ਗੁਰੂ ਕੇ ਸਮੂਹ ਲਾਲ ਪਿਆਰੇ ਸਮੂਹ ਲਾਸਾਨੀ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। ਆਓ ਜੀ, ਰਲ਼ ਮਿਲ ਕੇ ਗੁਰਬਾਣੀ ਦੇ ਕੀਰਤਨ ਦਾ ਲਾਹਾ ਸੇਵਾ, ਸਿਮਰਨ ਕਰਕੇ ਭੁੰਚੀਏ ਜੀ।

**ਗੁਰੂ ਸੰਗਤਾਂ ਦੇ ਦਾਸਰੇ**

ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ ਅਤੇ ਸਮੂਹ ਸਾਧ ਸੰਗਤ
ਸੰਪਰਕ : 98726-33388, 93160-23874, 94642-67956, 98889-51166, 98141-80354
ਸਹਿਯੋਗੀ : ਸਮੂਹ ਅਖੰਡ ਕੀਰਤਨੀ ਜੱਥੇ ਅਤੇ
ਮੈਨੇਜਰ, ਮੁੱਖ ਗ੍ਰੰਥੀ ਅਤੇ ਸਮੂਹ ਸਟਾਫ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ
ਸ੍ਰੀ ਚਮਕੌਰ ਸਾਹਿਬ

# 'ਸੋ ਕਹੀਅਤ ਹੈ ਸੂਰਾ' ਡਿਜ਼ੀਟਲ ਰੂਪ 'ਚ ਪ੍ਰਾਪਤ ਕਰੋ

'ਸੋ ਕਹੀਅਤ ਹੈ ਸੂਰਾ' ਗੁਰਮਤਿ ਮਾਸਿਕ ਪੱਤਰ ਹੁਣ ਡਿਜ਼ੀਟਲ ਰੂਪ ਵਿਚ ਆਪਣਾ ਵਿਸਥਾਰ ਕਰਨ ਜਾ ਰਿਹਾ ਹੈ। ਸੰਸਾਰ ਪੱਧਰ 'ਤੇ ਵਾਤਾਵਰਨ ਵਿਗਾੜ ਨੂੰ ਦੇਖਦਿਆਂ ਕਾਗਜ਼ ਦੀ ਬੱਚਤ ਕਰਨ ਹਿੱਤ, ਡਾਕਘਰਾਂ ਰਾਹੀਂ 'ਸੋ ਕਹੀਅਤ ਹੈ ਸੂਰਾ' ਦੇਰ ਨਾਲ ਪਾਠਕਾਂ ਨੂੰ ਮਿਲਣ ਅਤੇ ਗੁਰਬਾਣੀ ਦੀ ਬੇਅਦਬੀ ਦੇ ਖਦਸ਼ੇ ਆਦਿ ਪਹਿਲੂਆਂ ਦੇ ਮੱਦੇਨਜ਼ਰ ਅਸੀਂ ਹੁਣ ਇਸ ਮਾਸਿਕ ਪੱਤਰ ਦਾ ਡਿਜ਼ੀਟਲ ਰੂਪ ਵਿਚ ਵਿਸਥਾਰ ਕਰਨ ਦਾ ਫ਼ੈਸਲਾ ਕੀਤਾ ਹੈ। ਜਿਹੜੇ ਮੈਂਬਰ 'ਸੋ ਕਹੀਅਤ ਹੈ ਸੂਰਾ' ਡਾਕ ਰਾਹੀਂ ਹੀ ਲੈਣਾ ਚਾਹੁਣਗੇ, ਉਨ੍ਹਾਂ ਨੂੰ ਮਾਸਿਕ ਪੱਤਰ ਉਨ੍ਹਾਂ ਦੀ ਮਰਜ਼ੀ ਅਨੁਸਾਰ ਡਾਕ ਰਾਹੀਂ ਹੀ ਭੇਜਿਆ ਜਾਵੇਗਾ, ਪਰ ਜਿਹੜੇ ਮੈਂਬਰ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਹਰ ਮਹੀਨੇ ਸਮੇਂ ਸਿਰ 'ਸੋ ਕਹੀਅਤ ਹੈ ਸੂਰਾ' ਦਾ ਡਿਜ਼ੀਟਲ ਅੰਕ ਵਟਸਐਪ ਰਾਹੀਂ ਭੇਜਿਆ ਜਾਵੇ, ਉਹ ਕਿਰਪਾ ਕਰਕੇ ਆਪੋ ਆਪਣੇ ਵਟਸਐਪ ਨੰਬਰ ਸਾਡੇ ਵਟਸਐਪ ਨੰਬਰ: 93577-23874 'ਤੇ ਭੇਜਣ ਦੀ ਕਿਰਪਾਲਤਾ ਕਰਨ ਜੀ।

**SO KAHIYAT HAI SOORA is Online available at:**
**1.www.akj.org 2.www.akjmagazine.com**
**3.Face book 4.Whatsapp**






## ਸੇਵਾ ਆਰੰਭ

### ਗੁਰਦੁਆਰਾ ਸਾਹਿਬ ਤਪੋਬਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਕੁਮਾਰਹੱਟੀ

ਗੁਰਦੁਆਰਾ ਸਾਹਿਬ ਤਪੋਬਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਕੁਮਾਰਹੱਟੀ, ਜ਼ਿਲ੍ਹਾ ਸੋਲਨ (ਹਿਮਾਚਲ ਪ੍ਰਦੇਸ਼) ਵਿਖੇ ਸਮਾਗਮਾਂ ਸਮੇਂ ਸੰਗਤਾਂ ਨੂੰ ਆਉਂਦੀਆਂ ਮੁਸ਼ਕਿਲਾਂ ਅਤੇ ਔਕੜਾਂ ਨੂੰ ਮੁੱਖ ਰੱਖਦਿਆਂ ਲੰਗਰ, ਰਿਹਾਇਸ਼ ਅਤੇ ਜਲ ਭੰਡਾਰ ਦੀ ਉਸਾਰੀ ਆਰੰਭ ਕੀਤੀ ਗਈ ਹੈ। ਇਹ ਕਾਰਜ ਸੰਗਤ ਵਲੋਂ ਬਖ਼ਸ਼ੇ ਹੌਸਲੇ ਅਤੇ ਉਦਮ ਸਦਕਾ ਹੀ ਆਰੰਭ ਹੋ ਸਕਿਆ ਹੈ। ਤਿੰਨ ਪੜਾਵਾਂ ਵਿਚ ਮੁਕੰਮਲ ਹੋਣ ਵਾਲੇ ਇਸ ਵਿਸ਼ਾਲ ਉਸਾਰੀ ਕਾਰਜ 'ਤੇ ਕੁੱਲ ਲਾਗਤ ਲਗਭਗ 1.75 ਤੋਂ 2 ਕਰੋੜ ਰੁਪਏ ਆਉਣ ਦਾ ਅਨੁਮਾਨ ਹੈ। ਪਹਿਲੇ ਪੜਾਅ ਤਹਿਤ ਸ਼ੁਰੂ ਕੀਤੇ ਗਏ ਕਾਰਜਾਂ ਦੀ ਲਾਗਤ ਲਗਭਗ 80 ਲੱਖ ਰੁਪਏ ਆਉਣੀ ਹੈ। ਇਸ ਕਾਰਜ ਦੀ ਸੰਪੂਰਨਤਾ ਵੀ ਸੰਗਤ ਦੇ ਭਰਪੂਰ ਸਹਿਯੋਗ ਨਾਲ ਹੀ ਸੰਭਵ ਹੈ। ਇਸ ਕਾਰਜ ਲਈ ਸੇਵਾ ਬੈਂਕ ਰਾਹੀਂ, ਚੈੱਕ ਜਾਂ ਡਰਾਫ਼ਟ ਰਾਹੀਂ ਭੇਜ ਸਕਦੇ ਹੋ।

Beneficiary Name: Gurdwara Tapoban Bhai Sahib Bhai Randhir Singh Trust

Account Number: 05160100005331

IFSC Code: UCBA0000516
(used for **RTGS**, **IMPS** and **NEFT** transactions)

Beneficiary Bank Name & Address: UCO Bank, Kumarhati, Dist Solan HP INDIA

ਚੈਕ ਜਾਂ ਡਰਾਫਟ Gurdwara Tapoban Bhai Sahib Bhai Randhir Singh Trust ਦੇ ਨਾਮ ਦਾ ਸਿਰਫ਼ ਖਾਤੇ ਵਿਚ ਜਮਾਂ ਹੋਣ ਯੋਗ (a/c payee) President, Shri Gurdwara Sahib Tapoban Bhai Randhir Singh ji, Kumarhati, Dist Solan 173229 HP INDIA

ਵਧੇਰੇ ਜਾਣਕਾਰੀ ਲਈ ਸਥਾਨਕ ਸੇਵਾਦਾਰਾਂ ਨਾਲ +919816135173, +91 9736092352 ਤੇ ਸੰਪਰਕ ਕਰ ਸਕਦੇ ਹੋ।

Postal Registration No. CHD/0178/2015-2017

ਖ਼ਾਲਸਾ ਸਾਜਨਾ ਦਿਵਸ ਤੇ ਵੈਸਾਖੀ 1978 ਦੇ ਸ਼ਹੀਦਾਂ ਦੀ
ਯਾਦ ਵਿਚ ਸਮੂਹ ਅਖੰਡ ਕੀਰਤਨੀ ਸਖਿਆਂ ਵਲੋਂ

# ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ
# ਸਾਲਾਨਾ ਵੈਸਾਖੀ ਅਖੰਡ ਕੀਰਤਨ ਸਮਾਗਮ

ਖ਼ਾਲਸਾ ਸਾਜਨਾ ਦਿਵਸ ਤੇ 1978 ਦੇ ਸ਼ਹੀਦਾਂ ਦੀ ਯਾਦ ਨੂੰ ਮਨਾਉਣ ਲਈ ਸ੍ਰੀ ਅੰਮ੍ਰਿਤਸਰ ਦੀਆਂ ਸੰਗਤਾਂ ਨੇ ਹਰ ਸਾਲ ਦੀ ਤਰ੍ਹਾਂ ਅਖੰਡ ਕੀਰਤਨ ਸਮਾਗਮ ਕਰਨ ਦੇ ਉਪਰਾਲੇ ਕੀਤੇ ਹਨ। ਸਮੂਹ ਗੁਰੂ ਪਿਆਰਿਆਂ ਦੇ ਚਰਨਾਂ ਵਿਚ ਜੋਦੜੀਆਂ ਹਨ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ-ਇਸ਼ਨਾਨ ਤੇ ਨਾਮ-ਬਾਣੀ ਕੀਰਤਨ ਦੇ ਲਾਹੇ ਲੈਣ ਲਈ ਵਹੀਰਾਂ ਘੱਤ ਕੇ ਪਰਿਵਾਰਾਂ ਅਤੇ ਹੋਰ ਸੰਗੀ-ਸਾਥੀਆਂ ਸਮੇਤ ਆਇ-ਦੀਦਾਰੇ ਬਖ਼ਸ਼ੋ ਜੀ।

## 10 ਅਪ੍ਰੈਲ ਤੋਂ 15 ਅਪ੍ਰੈਲ 2018 ਤੱਕ

**ਕੀਰਤਨ ਸਮਾਗਮ**

10 ਅਪ੍ਰੈਲ 2018, ਦਿਨ ਮੰਗਲਵਾਰ : ਅਖੰਡ ਕੀਰਤਨ ਸ਼ਾਮ 05.00 ਵਜੇ ਤੋਂ ਰਾਤ 09.00 ਵਜੇ ਤੱਕ ਗੁਰਦੁਆਰਾ ਪਿਪਲੀ ਸਾਹਿਬ।

11 ਅਪ੍ਰੈਲ 2018, ਦਿਨ ਬੁੱਧਵਾਰ : ਦਿਵਸ ਸੁਹੇਲਾ ਸਮਾਗਮ ਸਵੇਰੇ 07.00 ਵਜੇ ਤੋਂ ਲੈ ਕੇ ਬਾਅਦ ਦੁਪਹਿਰ 01.00 ਵਜੇ ਤੱਕ ਗੁਰਦੁਆਰਾ ਅੰਗੀਠਾ ਸਾਹਿਬ।
ਅਖੰਡ ਕੀਰਤਨ ਸਮਾਗਮ ਸ਼ਾਮੀਂ 05.00 ਵਜੇ ਤੋਂ ਲੈ ਕੇ ਰਾਤ 08.40 ਵਜੇ ਤੱਕ ਗੁਰਦੁਆਰਾ ਸ਼ਹੀਦਗੰਜ ਸਾਹਿਬ।

12 ਅਪ੍ਰੈਲ 2018, ਦਿਨ ਵੀਰਵਾਰ: ਦਿਵਸ ਸੁਹੇਲਾ ਸਮਾਗਮ ਸਵੇਰੇ 07.00 ਵਜੇ ਤੋਂ ਲੈ ਕੇ ਬਾਅਦ ਦੁਪਹਿਰ 01.00 ਵਜੇ ਤੱਕ ਗੁਰਦੁਆਰਾ ਗੁਰੂ ਕੇ ਮਹਿਲ।
ਅਖੰਡ ਕੀਰਤਨ ਸਮਾਗਮ ਸ਼ਾਮੀਂ 05.30 ਵਜੇ ਤੋਂ ਲੈ ਕੇ ਰਾਤ 09.00 ਵਜੇ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ।

13 ਅਪ੍ਰੈਲ 2018, ਦਿਨ ਸ਼ੁੱਕਰਵਾਰ : ਦਿਵਸ ਸੁਹੇਲਾ ਸਮਾਗਮ ਸਵੇਰੇ 06.00 ਵਜੇ ਤੋਂ ਲੈ ਕੇ ਬਾਅਦ ਦੁਪਹਿਰ 01.00 ਵਜੇ ਤੱਕ ਰੰਗੁਲੇ ਸੱਜਣ ਚੈਰੀਟੇਬਲ ਟਰੱਸਟ, ਬਾਬਾ ਸਾਹਿਬ ਚੌਂਕ।
ਅਖੰਡ ਕੀਰਤਨ ਸ਼ਾਮੀਂ 05.30 ਵਜੇ ਤੋਂ ਲੈ ਕੇ ਰਾਤੀਂ 10.00 ਵਜੇ ਤੱਕ ਗੁਰਦੁਆਰਾ ਰਾਮਸਰ ਸਾਹਿਬ।

14 ਅਪ੍ਰੈਲ 2018, ਦਿਨ ਸ਼ਨਿੱਚਰਵਾਰ : ਦਿਵਸ ਸੁਹੇਲਾ ਸਮਾਗਮ ਸਵੇਰੇ 06.00 ਵਜੇ ਤੋਂ ਲੈ ਕੇ ਬਾਅਦ ਦੁਪਹਿਰ 02.00 ਵਜੇ ਤੱਕ ਗੁਰਦੁਆਰਾ ਬਿਬੇਕਸਰ ਸਾਹਿਬ।

**ਰੈਣਿ ਸਬਾਈ ਕੀਰਤਨ 14 ਅਪ੍ਰੈਲ 2018, ਦਿਨ ਸ਼ਨਿੱਚਰਵਾਰ ਨੂੰ ਸ਼ਾਮੀਂ 07.00 ਵਜੇ ਤੋਂ ਲੈ ਕੇ 15 ਅਪ੍ਰੈਲ 2018, ਦਿਨ ਐਤਵਾਰ ਸਵੇਰੇ 03.00 ਵਜੇ ਤੱਕ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਦਰਬਾਰ ਸਾਹਿਬ ਵਿਖੇ ਹੋਣਗੇ।**

**ਅੰਮ੍ਰਿਤ ਸੰਚਾਰ ਸਮਾਗਮ ਮਿਤੀ 14 ਅਪ੍ਰੈਲ 2018, ਦਿਨ ਸ਼ਨਿੱਚਰਵਾਰ ਨੂੰ ਸ਼ਾਮੀਂ 06.00 ਵਜੇ ਬਾਬਾ ਸੇਵਾ ਸਿੰਘ ਹਾਲ ਵਿਖੇ ਆਰੰਭ ਹੋਣਗੇ।**

ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਬਾਬਾ ਸੇਵਾ ਸਿੰਘ ਜੀ ਹਾਲ, ਸੁਲਤਾਨਵਿੰਡ ਗੇਟ, ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ, ਨੇੜੇ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਹੋਵੇਗਾ।

ਨੋਟ : 1. ਲੋੜ ਅਨੁਸਾਰ ਸਮਾਗਮਾਂ ਦੇ ਸਮੇਂ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ।
2. ਅਨੰਦ ਕਾਰਜਾਂ ਲਈ ਪਰਿਵਾਰਾਂ ਵਲੋਂ ਪਹਿਲਾਂ ਹੀ ਪ੍ਰਬੰਧਕਾਂ ਨੂੰ ਸੂਚਿਤ ਕੀਤਾ ਜਾਵੇ ਜੀ।

## ਦਾਸਰੇ : ਅਖੰਡ ਕੀਰਤਨੀ ਜਥਾ, ਸ੍ਰੀ ਅੰਮ੍ਰਿਤਸਰ ਸਾਹਿਬ।

ਸੰਪਰਕ : 98152-70871, 93560-02354, 93572-44080, 97797-07082, 98151-66660.

Transport Help : 99884-10166, 80540-14114, 93560-80001.